# ਕੂੰਜਾਂ ਦੇ ਰੂਬਰੂ

(ਗ਼ਜ਼ਲ ਸੰਗ੍ਰਹਿ)

ਰਸਤਾ ਬੜਾ ਹੀ ਕਠਨ ਹੈ ਕੂੰਜਾਂ ਦੇ ਰੂਬਰੂ
ਹੋਣਾ ਪਵੇਗਾ ਕਿੰਨਿਆਂ ਦੇਸਾਂ ਦੇ ਰੂਬਰ

## ਏਸੇ ਕਲਮ ਤੋਂ

- *ਸਾਹਾਂ ਦੀ ਪੱਤਰੀ (ਕਾਵਿ ਸੰਗ੍ਰਹਿ) 2013*
- *ਮੈਂ ਇਕ ਰਿਸ਼ਮ (ਕਾਵਿ ਸੰਗ੍ਰਹਿ) 2015*
- *ਤੂੰ ਕੱਤ ਬਿਰਹਾ (ਕਾਵਿ ਸੰਗ੍ਰਹਿ)) 2017*
- *ਕਿਸਾਨੀ ਇਬਾਰਤ (ਸੰਪਾਦਨਾ) 2021*

# ਕੂੰਜਾਂ ਦੇ ਰੂਬਰੂ

ਦਿਓਲ ਪਰਮਜੀਤ

ਗ਼ਜ਼ਲ ਮੰਚ ਸਰੀ ਕਨੇਡਾ

*Koonjan de rubru*
*Ghazals by*
*Deol Paramjit ©*
*22 Bucksaw St.*
*Brampton ON L7A 4R2*
*CANADA*
*Ph: 647-295-7351*
*Email :deolparamjit2@gmail.com*
*https://www.facebook.com/paramjit.deol.9*

*Published by:*
*Ghazal Manch Surrey*
*14718 88 Ave Surrey BC V3S 2S3*
*Canada*

*Facebook: https://www.facebook.com/ghazal.manch.96*

***Publish Year**: **2023***
***ISBN**: 978-1-7773553-5-7*

***Distributors***

*Contact: Jasvir begampuri Ph. 94174-15062*

***Printer***
***Appu art press Ph: 94174 27538***

***Price**: Rs. 150 / $ 10*

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

# ਸਮਰਪਣ

ਜੋ  ਮੈਨੂੰ ਲਿਖਣ ਲਈ ਪ੍ਰੇਰਦਾ ਹੈ

# ਸਮਾਜਮੁਖੀ ਸ਼ਾਇਰੀ

ਵਗਦੇ ਪਾਣੀਆਂ ਦੀ ਅਜ਼ਮਤ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ। ਦਿਓਲ ਪਰਮਜੀਤ ਦੀ ਸਮੁੱਚੀ ਸ਼ਖ਼ਸੀਅਤ ਸਦਾ-ਗਤੀਸ਼ੀਲਤਾ ਦੀ ਸਜੀਵ ਉਦਾਹਰਨ ਹੈ। ਕਲਾ ਦੇ ਵੱਖ-ਵੱਖ ਪਹਿਲੂ ਉਸਦੇ ਨਿੱਜ ਦਾ ਸਦੀਵੀ ਹਿੱਸਾ ਹਨ। ਉਸ ਨੇ ਥੀਏਟਰ ਕਲਾਕਾਰ ਦੀ ਹੈਸੀਅਤ ਨਾਲ ਅਣਗਿਣਤ ਨਾਟਕਾਂ ਚ ਵੱਖ-ਵੱਖ ਕਿਰਦਾਰ ਨਿਭਾਏ ਤੇ ਆਪਣੀ ਨਾਟ-ਕਲਾ ਦਾ ਲੋਹਾ ਮਨਵਾਇਆ। ਉਸਦੇ ਸਿੱਖਿਆ ਕਾਲ ਤੋਂ ਹੀ ਇਹ ਗਤੀਵਿਧੀਆਂ ਉਸਦੇ ਨਾਲ ਰਹੀਆਂ। ਪੰਜਾਬੀ ਫ਼ਿਲਮ ਤੇ ਵੈੱਬ-ਸੀਰੀਜ਼ ਚ ਅਦਾਕਾਰੀ ਕਰਨੀ ਉਸ ਅੰਦਰਲੇ ਕਲਾਕਾਰ ਦਾ ਵਿਸਥਾਰ ਸੀ। ਬਤੌਰ ਕਵੀ, ਦਿਓਲ ਪਰਮਜੀਤ ਦੀ ਵੱਖ ਪਹਿਚਾਣ ਹੈ। ਪਰ-ਧਰਤੀ ਤੇ ਰਿਜ਼ਕ ਲੱਭਦਿਆਂ ਉਸ ਨੇ ਆਪਣੇ-ਆਪ ਨੂੰ ਸ਼ਬਦ ਨਾਲ ਬਾਕਾਇਦਾ ਜੋੜੀ ਰੱਖਿਆ। ਨਿਸਦਿਨ ਦੇ ਕਰੜੇ ਜੀਵਨ ਸੰਘਰਸ਼ ਦੇ ਬਾਵਜੂਦ ਉਸ ਨੇ ਆਪਣੀ ਸਿਰਜਣਾਤਮਿਕਤਾ ਨੂੰ ਹਮੇਸ਼ਾ ਸਾਣ ’ਤੇ ਲਾਈ ਰੱਖਿਆ।

ਆਪਣੇ ਸਿਰਜਣਾਤਮਿਕ ਸਫ਼ਰ ਦੌਰਾਨ ਉਸ ਨੇ ਕਵਿਤਾ ਦੇ ਤਿੰਨ ਮੌਲਿਕ ਪਰਾਗੇ ਸਾਹਾਂ ਦੀ ਪੱਤਰੀ, ਮੈਂ ਇੱਕ ਰਿਸ਼ਮ, ਤੂੰ ਕੱਤ ਬਿਰਹਾ ਪੰਜਾਬੀ ਸਾਹਿਤ ਦੇ ਵਿਸਥਾਰ ਦੇ ਨਾਂ ਕੀਤੇ ਅਤੇ ਭਾਰਤੀ ਕਿਸਾਨਾਂ ਦੇ ਹੱਕੀ ਸੰਘਰਸ਼ ਨੂੰ ਸਮਰਪਿਤ ਇੱਕ ਕਵਿਤਾ ਸੰਗ੍ਰਿਹ ਕਿਸਾਨੀ ਇਬਾਰਤ ਵੀ ਸੰਪਾਦਿਤ ਕੀਤਾ।

ਹਥਲੇ ਗ਼ਜ਼ਲ ਪਰਾਗੇ ਕੂੰਜਾਂ ਦੇ ਰੂਬਰੂ ਦੇ ਰਾਹੀਂ ਪਰਮਜੀਤ ਦੀ ਕਾਵਿ-ਕਲਾ ਦਾ ਇੱਕ ਹੋਰ ਉੱਘੜਵਾਂ ਰੰਗ ਪੇਸ਼ ਹੋਇਆ ਹੈ। ਇਹਨਾਂ ਗ਼ਜ਼ਲਾਂ ਦਾ ਪਾਠ ਕਰਦਿਆਂ ਪਾਠਕ ਅਸਾਨੀ ਨਾਲ ਓਸ ਸਹਿਜ ਵਿੱਚ ਦਾਖ਼ਲ ਹੋ ਜਾਂਦਾ ਹੈ ਜੋ ਇਹਨਾਂ ਨੂੰ ਰਚਦਿਆਂ ਪਰਮਜੀਤ ਦੀ ਆਪਣੀ ਰੂਹ ਦਾ ਹਿੱਸਾ ਹੁੰਦਾ ਹੈ। ਆਪਣੇ ਸ਼ਿਅਰਾਂ ਰਾਹੀਂ ਉਹ ਕੋਈ ਵਾਦ-ਵਿਵਾਦ ਪੈਦਾ ਕਰਨ ਦੀ ਹਾਮੀ ਨਹੀਂ ਸਗੋਂ ਜੀਵਨ ਦੀਆਂ ਬੇਤਰਤੀਬ ਘਟਨਾਵਾਂ ਚੋਂ ਲੰਘਦਿਆਂ ਹੋਇਆਂ ਇਹਨਾਂ ਤਮਾਮ ਵਿਸੰਗਤੀਆਂ ਚੋਂ ਸੁੱਚੇ ਪਲ ਫੜਨਾ ਚਾਹੁੰਦੀ ਹੈ। ਆਪਣੇ ਆਪ ਨੂੰ ਜਾਨਣ ਦੀ ਤੀਬਰ ਇੱਛਾ ਉਸ ਨੂੰ ਸ਼ਬਦ ਸਿਰਜਣਾ ਵੱਲ ਲੈ ਜਾਂਦੀ ਹੈ ਜਿੱਥੇ ਉਸ ਨੂੰ ਹਰ ਸੰਵੇਦਨਸ਼ੀਲ ਇਨਸਾਨ ਵਾਂਙ ਲੱਗਦਾ ਹੈ ਕਿ ਆਪਣੇ ਆਪ ਦੀ ਤਲਾਸ਼ ਹੋਰ ਕਿਸੇ ਵੀ ਥੁੜ ਜਾਂ ਹੇਰਵੇ ਨਾਲੋਂ ਵੱਧ ਤਕਲੀਫ਼-ਦੇਹ ਹੈ।

ਇਹ ਹਯਾਤੀ ਭਟਕਦੀ ਹੋ ਕੇ ਸਦਾ ਹੀ ਬੇਲਗ਼ਾਮ
ਮੈਂ ਕੋਈ ਨਿਸ਼ਚਿਤ ਹੀ ਕੀਤਾ ਨਾ ਪੈਮਾਨਾ ਜੀਣ ਦਾ

ਉਸਦੇ ਸ਼ਬਦ ਧੀਰਜਵਾਨ ਹਨ। ਸਤਰਾਂ ਵਿੱਚ ਪੌਣਾਂ ਵਰਗੀ ਸਰਸਰਾਹਟ ਹੈ। ਕੁਦਰਤ ਨਾਲ ਉਸ ਦੀ ਇਕਸੁਰਤਾ ਉਸ ਦੀ ਸ਼ਾਇਰੀ ਨੂੰ ਵੀ ਰੰਗ-ਖ਼ੁਸ਼ਬੂ ਨਾਲ ਨੁਹਾ ਦਿੰਦੀ ਹੈ। ਉਸਦੇ ਵਿਅਕਤੀਗਤ ਉੱਚੇ ਅਚਾਰ-ਵਿਹਾਰ ਵਾਂਙ ਉਸ ਦੀ ਕਵਿਤਾ ਵੀ ਇਨਸਾਨੀ ਭਾਵਨਾਵਾਂ ਦੀ ਉਂਗਲ ਨਹੀਂ ਛੱਡਦੀ ਤੇ ਸਾਹਿਤ ਪ੍ਰਤੀ ਆਪਣੇ ਫ਼ਰਜ਼ ਸਦਾ ਚੇਤੇ ਰੱਖਦੀ ਹੈ।

ਜਦ-ਜਦ ਸਿਖਰ ਦੁਪਹਿਰੇ, ਕੋਇਲ ਅਲਾਪ ਲੈਂਦੀ
ਜੰਗਲ ਦੇ ਇੱਕ ਰਿਸ਼ੀ ਤੋਂ, ਮੁੜ ਮੁੜ ਸਰਾਪ ਲੈਂਦੀ

ਉੱਪਰੋਂ ਦੀ ਲੰਘ ਕੇ ਹੀ, ਤਪ ਜਾਂਦੀ ਹੈ ਹਮੇਸ਼ਾ
ਏਦਾਂ ਹੀ ਪੌਣ ਥਲ ਦਾ, ਸਾਰਾ ਸੰਤਾਪ ਲੈਂਦੀ

ਇਹ ਤਾਂ ਤੈਅ ਹੈ ਕਿ ਸ਼ਾਇਰੀ ਨੂੰ ਕਿਤੋਂ ਸਿੱਖਿਆ ਨਹੀਂ ਜਾ ਸਕਦਾ। ਹੋਰ ਕਲਾਵਾਂ ਵਾਂਗ ਕਵਿਤਾ ਕਹਿਣ ਦਾ ਹੁਨਰ ਵੀ ਵਿਅਕਤੀ ਦੇ ਅੰਦਰ ਹੀ ਹੁੰਦਾ ਹੈ। ਦੇਰ- ਸਵੇਰ ਇਸ ਨੇ ਉਜਾਗਰ ਵੀ ਆਪਣੇ-ਆਪ ਹੀ ਹੋਣਾ ਹੁੰਦਾ ਹੈ। ਵਿਅਕਤੀ ਦੇ ਨਿੱਜੀ ਅਨੁਭਵ ਤੇ ਅਖੰਡ ਅਭਿਆਸ ਇਸ ਨੂੰ ਮਾਂਜਦੇ- ਸੁਆਰਦੇ ਹਨ। ਤੁਸੀਂ ਕਿਸੇ ਕਵੀ ਦੀਆਂ ਦੋ- ਚਾਰ ਸਤਰਾਂ ਪੜ੍ਹ ਕੇ ਉਸ ਦੀ ਕਾਵਿ-ਉਡਾਰੀ ਦੀ ਉਚਾਣ ਤੇ ਉਸ ਕੈਨਵਸ ਦਾ ਆਕਾਰ ਅਸਾਨੀ ਨਾਲ ਦੱਸ ਸਕਦੇ ਹੋ ਜਿਸ ਤੇ ਉਹ ਆਪਣੀ ਕਲਪਨਾ ਨਾਲ ਕਵਿਤਾ ਰੂਪੀ ਚਿੱਤਰ ਵਾਹੁੰਦਾ ਹੈ। ਨਿਮਨ ਸ਼ਿਅਰ ਸੁਘੜ-ਸਿਆਣੀ ਸੋਚ ਦਾ ਨਤੀਜਾ ਹੈ:

ਬਣਾਂਗੇ ਏਸ ਮਿੱਟੀ ਚੋਂ ਸੁਰਾਹੀ ਇੱਕ ਨਾ ਇੱਕ ਦਿਨ ਤਾਂ
ਤੇ ਫਿਰ ਸਮਿਆਂ ਦੇ ਆਵੇ ਵਿੱਚ ਅਸੀਂ ਭਰਪੂਰ ਪੱਕਣਾ ਹੈ

ਆਸ ਨਾਲ ਭਰਪੂਰ ਇਹ ਸਤਰਾਂ ਵੀ ਪਾਠਕ ਨਾਲ ਆਪਣੀ ਸਦੀਵੀ ਸਾਂਝ ਬਣਾਉਂਦੀਆਂ ਹਨ:

ਉਨ੍ਹਾਂ ਨੇ ਆ ਕੇ ਹਾਲੇ ਦੀਵਿਆਂ ਦੀ ਗੱਲ ਹੀ ਛੇੜੀ
ਕਿ ਓਸੇ ਵਕਤ ਨ੍ਹੇਰੇ ਵਿਚ ਸੀ ਚਾਨਣ ਭਰ ਗਿਆ ਆਪੇ

ਮੁੱਦਤ ਬਾਅਦ ਸੁਨੇਹੇ ਰੁੱਖ ਨੇ ਪੌਣਾਂ ਦੇ ਹੱਥ ਘੱਲੇ ਨੇ
ਤਾਂਹੀਓਂ ਪੰਛੀ ਸ਼ਹਿਰੋਂ ਉੱਡ ਕੇ ਜੰਗਲ ਦੇ ਵੱਲ ਚੱਲੇ ਨੇ

ਦਿਓਲ ਪਰਮਜੀਤ ਦੀ ਸੋਚ ਸਮਾਜਮੁਖੀ ਹੋਣ ਕਰਕੇ ਉਸ ਦੀ ਕਵਿਤਾ ਚੋਂ ਅਕਸਰ ਹੀ ਹੋਕਾ ਵੱਜਦਾ ਸੁਣਦਾ ਹੈ। ਉਹ ਲੋਕਾਈ ਨੂੰ ਸੁਚੇਤ ਰੂਪ ਚ ਇਕਜੁਟ ਹੋਇਆ ਵੇਖਣਾ ਚਾਹੁੰਦੀ ਹੈ:

ਗੂੜ੍ਹੀ ਨੀਂਦ ਤਿਆਗੋ ਲੋਕੋ, ਮੁੜ ਕੇ ਨਾ ਸੌਂ ਜਾਇਓ
ਨ੍ਹੇਰੀ ਦੇਖ ਰਹੀ ਹੈ- ਕਿਹੜੇ ਘਰ ਵਿੱਚ ਦੀਵਾ ਜਗਦਾ

ਖੰਭ ਖ਼ਿਆਲਾਂ ਨੂੰ ਲੱਗਣਗੇ ਜਦ ਤੇਰੇ
ਆਣ ਸ਼ਿਕਾਰੀ ਤੇਰੀ ਸੰਘੀ ਘੁੱਟਣਗੇ

ਧਨਾਤਮਕ ਸੋਚ ਜ਼ਿੰਦਗੀ ਨੂੰ ਸੁਖਾਲ਼ਾ ਬਣਾਉਂਦੀ ਹੈ, ਇਸ ਦੇ ਸਾਰੇ ਪਹਿਲੂਆਂ ਨੂੰ ਜਿਉਣਯੋਗ ਕਰਦੀ ਹੈ। ਦੀਵੇ ਵਾਂਙ ਲਟ-ਲਟ ਬਲ਼ ਕੇ ਵੀ ਜ਼ਿੰਦਗੀ ਚਾਨਣ ਨਾਲ ਮੁਹੱਬਤ ਪਾਲਦੀ ਹੈ:

ਹਨੇਰਾ ਜਗਮਗਾ ਉੱਠੇਗਾ ਬਣਕੇ ਰੌਸ਼ਨੀ ਇੱਕ ਦਿਨ
ਮਿਲੇਗੀ ਜ਼ਿੰਦਗੀ ਬਣਕੇ ਅਸਾਂ ਨੂੰ ਜ਼ਿੰਦਗੀ ਇੱਕ ਦਿਨ

ਹੈ ਦਿਲ ਵਿਚ ਤੜਫ਼ ਮਿਲਣੇ ਦੀ, ਨਿਰੰਤਰ ਹੈ ਸਫ਼ਰ ਇਸ ਦਾ
ਯਕੀਨਨ ਪਹੁੰਚ ਜਾਵੇਗੀ ਸਮੁੰਦਰ ਤੱਕ ਨਦੀ ਇੱਕ ਦਿਨ

ਵਕਤ ਦੇ ਔਝੜ ਰਾਹਾਂ ਤੇ ਵੀ ਕਵਿਤਾ ਮੜਕ ਨਾਲ਼ ਤੁਰਦੀ ਹੈ। ਉਚਾਣਾਂ-ਨਿਵਾਣਾਂ 'ਚ ਵੀ ਇਹ ਕਵੀ ਦੇ ਹਮਰਾਹ ਰਹਿੰਦੀ ਹੈ। ਹਮੇਸ਼ਾ ਉਹੀ ਸ਼ਾਇਰੀ ਉਮਰ-ਦਰਾਜ਼ ਹੁੰਦੀ ਹੈ ਜਿਸ 'ਚ ਆਸ ਦਾ ਝਲਕਾਰਾ ਹੋਵੇ। ਕੁਦਰਤ ਵੀ ਹਰ ਮੌਸਮ 'ਚ ਆਸ ਦੇ ਪ੍ਰਤੱਖ ਪ੍ਰਗਟਾਵੇ ਕਰਦੀ ਹੈ। ਜਦੋਂ ਪੱਤਝੜ ਨਾਲ ਰੁੰਡ-ਮਰੁੰਡ ਬਿਰਖਾਂ 'ਤੇ ਬਹਾਰ ਆਉਂਦੀ ਹੈ ਤਾਂ ਆਲਾ-ਦੁਆਲਾ ਨੱਚ ਉੱਠਦਾ ਹੈ। ਬਰਫ਼ਾਂ ਲੱਦੀਆਂ ਵੇਲਾਂ 'ਤੇ ਜਦੋਂ ਕੋਸੀ ਧੁੱਪ ਦਾ ਆਗਮਨ ਹੁੰਦਾ ਹੈ ਤਾਂ ਪੱਤੀਆਂ ਦੇ ਨਰਮ ਚਿਹਰੇ ਸਾਫ਼-ਸ਼ਫਾਫ ਮੁਸਕਰਾਹਟ ਨਾਲ ਝੂਮ ਉੱਠਦੇ ਹਨ:

ਫੇਰ ਅੰਗੜਾਈ ਲਈ ਹੈ ਜ਼ਿੰਦਗੀ ਨੇ
ਫੇਰ ਸੁੱਕੇ ਰੁੱਖ ਚੋਂ ਫੁੱਟੀ ਲਗਰ ਹੈ

ਪਰਮਜੀਤ ਦੀ ਸ਼ਾਇਰੀ 'ਚ ਆਪਣੇ ਗੁਆਚੇ ਦਿਨਾਂ ਦਾ ਹੇਰਵਾ ਵੀ ਹੈ, ਪਰੰਤੂ ਇਹ ਕੁਰਲਾਹਟ ਦੀ ਭਾਸ਼ਾ ਵਿਚ ਪੇਸ਼ ਨਹੀਂ ਹੁੰਦਾ। ਸਗੋਂ ਇਹ ਅਗਾਂਹ ਨੂੰ ਤੁਰਦੇ ਰਹਿਣ ਦਾ ਅਹਿਦ ਬਣਦਾ ਹੈ। ਉਸ ਦੀ ਕਵਿਤਾ ਵਰਤਮਾਨ ਦੇ ਸਮਾਨੰਤਰ ਤੁਰਦਿਆਂ ਭਵਿੱਖ ਦੀ ਜ਼ਾਮਨ ਬਣਦੀ ਹੈ। ਉਸ ਕੋਲ ਢੁਕਵੀਂ ਕਾਵਿ-ਭਾਸ਼ਾ ਦਾ ਸੰਸਾਰ ਵੀ ਹੈ ਜੋ ਉਸਦੇ ਖ਼ਿਆਲ ਨੂੰ ਸੁੰਦਰਤਾ ਤੇ ਸ਼ਿਅਰਾਂ ਨੂੰ ਰਵਾਨੀ ਬਖ਼ਸ਼ਦਾ ਹੈ, ਜਿਸ ਸਦਕਾ ਪਾਠਕ ਦੀ ਸਾਂਝ ਉਸ ਦੀ ਸ਼ਾਇਰੀ ਨਾਲ ਹੋਰ ਜ਼ਿਆਦਾ ਪੀਢੀ ਹੁੰਦੀ ਹੈ। ਉਸ ਦਾ ਗੱਲ ਨੂੰ ਬਿਆਨ ਕਰਨ ਦਾ ਅੰਦਾਜ਼ ਸਾਦਾ ਪਰ ਦਿਲ-ਖਿਚਵਾਂ ਹੈ। ਸ਼ਬਦ ਆਮ ਕਰਕੇ ਆਪਣੀ ਜਗ੍ਹਾ ਆਪ ਬਣਾਉਂਦੇ ਹਨ ਜਿਸ ਕਰਕੇ ਮਿਸਰਿਆਂ 'ਚ ਬੇਲੋੜੀ ਭੰਨ-ਘੜ ਦੀ ਜ਼ਰੂਰਤ ਨਹੀਂ ਪੈਂਦੀ।ਨਿਮਨ ਸ਼ਿਅਰ ਸਾਦੇ ਅੰਦਾਜ਼ ਚ ਵੱਡੀ ਗੱਲ ਕਹਿੰਦਾ ਹੈ:

ਸਹਾਰੇ ਤਿਣਕਿਆਂ ਦੇ ਕੋਈ ਦਰਿਆ ਪਾਰ ਕਰ ਜਾਵੇ
ਤੇ ਡੁੱਬ ਜਾਂਦਾ ਹੈ ਉਹ ਵੀ, ਜਿਸਦੀ ਸੌ ਇਮਦਾਦ ਹੁੰਦੀ ਹੈ

ਮਨ ਦੇ ਭਾਵਾਂ ਦਾ ਸੰਚਾਰ ਕਰਨ ਦੀ ਹੁਨਰਮੰਦੀ ਕਿਸੇ ਕਵੀ ਦਾ ਇੱਕ ਹੋਰ ਧਨਾਤਮਕ ਗੁਣ ਹੁੰਦਾ ਹੈ ਜਿਸ ਦੀ ਸਹਿਹੋਂਦ ਕਵਿਤਾ ਅੰਦਰਲੇ ਭਾਵਾਂ ਦੇ ਅਸਲ ਮੁਹਾਂਦਰੇ ਨਾਲ ਪਾਠਕ ਜਾਂ ਸਰੋਤੇ ਦੇ ਮਨ ਨੂੰ ਜੋੜਦੀ ਹੈ। ਵਿਚਾਰ ਵਿਚਲੀ ਸਪਸ਼ਟਤਾ ਕਵੀ ਦੀ ਆਪਣੀ ਅਸਲ ਵਿਚਾਰਧਾਰਾ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਢਿੱਲਾ ਤੇ ਅਸਪਸ਼ਟ ਵਿਚਾਰ ਸਮੁੱਚੀ ਰਚਨਾ ਦੇ ਸੰਚਾਰ ਵਿੱਚ ਅੜਿੱਕਾ ਪਾਉਂਦਾ ਹੈ। ਪਰਮਜੀਤ ਦੀਆਂ ਹੇਠਲੀਆਂ ਸਤਰਾਂ ਪਾਣੀ ਵਾਂਗ ਵਗਦੇ ਰਹਿਣ ਦੀ ਤਾਕੀਦ ਕਰਦੀਆਂ ਹਨ:

ਖੜ੍ਹੇ ਪਾਣੀ ਦੇ ਵਿਚ ਤਾਂ ਕੰਵਲ ਵੀ ਮਹਿਫ਼ੂਜ਼ ਰਹਿੰਦੇ ਨੇ
ਅਗਰ ਪਾਣੀ 'ਚ ਹੋਵੇ ਵੇਗ ਤਾਂ ਪੱਥਰ ਵੀ ਖੁਰਦਾ ਹੈ

ਔਰਤ ਬਾਰੇ ਸਮਾਜ ਦਾ ਤੰਗ-ਨਜ਼ਰੀਆ ਹਿੰਦੁਸਤਾਨੀ ਕਵਿਤਾ ਦਾ ਹਮੇਸ਼ਾ ਉੱਭਰਵਾਂ ਵਿਸ਼ਾ ਰਿਹਾ ਹੈ। ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ 'ਚ ਲਿਖਣ ਵਾਲੀਆਂ ਔਰਤਾਂ ਨੇ ਆਪੋ-ਆਪਣੇ ਅਨੁਭਵ ਨਾਲ ਇਸ ਵਿਸ਼ੇ ਨੂੰ ਉਭਾਰਿਆ ਤੇ ਵਿਚਾਰ ਵਾਸਤੇ ਪੇਸ਼ ਕੀਤਾ। ਮਰਦ ਸਮਾਜ ਦਾ ਇੱਕ ਹਿੱਸਾ ਹਾਲੇ ਵੀ ਉਸ ਸੱਚ ਤੋਂ ਅਣਭਿੱਜ ਲਗਦਾ ਹੈ ਜਿਸਨੂੰ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਅੰਦਰ ਖ਼ਾਸ ਥਾਂ ਦਿੱਤੀ ਸੀ। ਔਰਤ ਨੂੰ ਵਸਤੂ ਸਮਝਣ ਵਾਲਾ ਸਮਾਜ ਦਾ ਇੱਕ ਵੱਡਾ ਹਿੱਸਾ ਹਾਲੇ ਵੀ ਸਦਾਚਾਰ ਦੇ ਸਭ ਅਸੂਲਾਂ ਨੂੰ ਛਿੱਕੇ ਟੰਗ ਕੇ ਮਨੁੱਖ ਜਾਤੀ ਦੇ ਓਸ ਅਰਧ-ਹਿੱਸੇ ਨੂੰ ਨੀਵਾਂ ਦਿਖਾਉਣ ਤੋਂ ਬਾਜ਼ ਨਹੀਂ

ਆਉਂਦਾ ਜਿਸ ਨੇ ਉਸ ਨੂੰ ਇਸ ਧਰਤੀ 'ਤੇ ਲਿਆਂਦਾ। ਦਿਓਲ ਪਰਮਜੀਤ ਦੀ ਕਵਿਤਾ ਇਸ ਸੱਚ ਤੋਂ ਅਲਹਿਦਾ ਨਹੀਂ ਹੈ:

ਉਹ ਮੁੜ-ਮੁੜ ਕੰਡਿਆਂ ਦੀ ਚੋਭ ਹੀ ਜਰਦੀ
ਚਮਨ ਵਿੱਚੋਂ ਕੁੜੀ ਜਦ ਤਿਤਲੀਆਂ ਫੜਦੀ

ਕੂੰਜਾਂ ਨੂੰ ਦੇਖ ਕੇ ਤਾਂ ਚਾਹੁੰਦੀ ਹੈ ਦੂਰ ਉੱਡਣਾ
ਡਰਦੀ ਹੈ ਇੱਕ ਕੁੜੀ ਜਦ ਅੰਬਰ ਦਾ ਨਾਪ ਲੈਂਦੀ

ਇਹ ਲੋਕਾਂ ਦਾ ਭੁਲੇਖਾ ਹੈ ਕਿ ਦੁਨੀਆ ਬਦਲ ਚੁੱਕੀ ਹੈ
ਅਜੇ ਤੀਕਰ ਵੀ ਬਾਬਲ ਧੀ ਨੂੰ ਸੁਰਮਾ ਪਾਉਣ ਨਹੀਂ ਦਿੰਦਾ

ਉਪਰੋਕਤ ਸਤਰਾਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਮੰਗਦੀਆਂ ਪ੍ਰਤੀਤ ਹੁੰਦੀਆਂ ਹਨ। ਇਹਨਾਂ ਵਿੱਚ ਉਠਾਇਆ ਗਿਆ ਸਵਾਲ ਸੰਗੀਨ ਹੈ, ਪਰ ਬਿਆਨ ਵਿੱਚ ਉਹ ਉਪਭਾਵੁਕਤਾ ਨਹੀਂ ਹੈ ਜੋ ਬਹੁਗਿਣਤੀ ਕਵਿੱਤਰੀਆਂ ਦੇ ਬਿਆਨ ਵਿੱਚ ਦੇਖਣ ਨੂੰ ਮਿਲਦੀ ਹੈ।

ਆਪਣੀ ਮਾਨਵਤਾਵਾਦੀ ਪਹੁੰਚ ਕਰਕੇ ਦਿਓਲ ਪਰਮਜੀਤ ਦੀ ਗ਼ਜ਼ਲ ਸਹਿਵਨ ਹੀ ਯਾਦ ਰਹਿ ਸਕਣ ਵਾਲੀ ਹੈ। ਜਿਵੇਂ ਜ਼ਿੰਦਗੀ ਨੂੰ ਸੰਪੂਰਨਤਾ ਨਾਲ ਜਿਊਣ ਲਈ ਇਸ ਦੇ ਵੱਖ-ਵੱਖ ਜੁਜ਼ ਇੱਕ ਤਰਤੀਬ ਵਿੱਚ ਰੱਖਣੇ ਪੈਂਦੇ ਹਨ, ਉਸੇ ਤਰ੍ਹਾਂ ਇਹਨਾਂ ਗ਼ਜ਼ਲਾਂ ਵਿਚ ਦੀ ਲੰਘਦਿਆਂ ਸਾਰੀ ਤਰ੍ਹਾਂ ਦੇ ਮਨੋਭਾਵ ਪਾਠਕ ਦੀ ਉਂਗਲੀ ਫੜੀ ਰੱਖਦੇ ਹਨ। ਉਮੀਦ ਹੈ ਕਿ ਇਸ ਪੁਸਤਕ ਦੇ ਸ਼ਬਦਾਂ ਦੇ ਓਹਲੇ ਬੈਠੇ ਅਰਥ ਪਾਠਕ ਦੇ ਮਨ-ਮਸਤਕ ਨਾਲ ਸਿੱਧਾ ਸੰਵਾਦ ਰਚਾਉਣਗੇ। ਪੰਜਾਬੀ ਕਵਿਤਾ ਦੇ ਵਿਹੜੇ ਵਿੱਚ ਦਿਓਲ ਪਰਮਜੀਤ ਦੇ ਇਸ ਗ਼ਜ਼ਲ ਪਰਾਗੇ ਨੂੰ ਜੀਓ ਆਇਆਂ ਆਖਦਿਆਂ ਮੈਂ ਉਸੇ ਦੇ ਇੱਕ ਸ਼ਿਅਰ ਨਾਲ ਆਪਣੀ ਗੱਲ ਬੰਦ ਕਰਦਾ ਹਾਂ ਤੇ ਇਸ ਸ਼ਿਅਰ ਦੇ ਕੇਂਦਰੀ ਭਾਵ ਨੂੰ ਸਮਝਦਿਆਂ ਇਹ ਕਹਿਣ ਦੇ ਸਮਰੱਥ ਹਾਂ ਕਿ ਮੌਤ ਜੇ ਅਟੱਲ ਹੈ, ਤਾਂ ਜ਼ਿੰਦਗੀ ਵੀ ਸਸ਼ੱਕਤ ਹੈ:

ਸੂਲ਼ੀਆਂ ਨੂੰ ਇੱਕ ਤਰ੍ਹਾਂ ਹੈਰਾਨ ਹੈ ਕਰਨਾ ਅਸੀਂ
ਆਖ਼ਰੀ ਕਿੱਲ 'ਤੇ ਜਦੋਂ ਬੰਨ੍ਹਾਂਗੇ ਗਾਨਾ ਜੀਣ ਦਾ

-ਰਾਜਿੰਦਰਜੀਤ
ਵਾਲਸਾਲ (ਯੂ ਕੇ)

# ਕੁਦਰਤ ਦੇ ਅੰਗ-ਸੰਗ, ਦਿਓਲ ਪਰਮਜੀਤ

ਦਿਓਲ ਪਰਮਜੀਤ ਅਜੋਕੀ ਪੰਜਾਬੀ ਸ਼ਾਇਰੀ ਵਿਚ ਇਕ ਉੱਭਰਦੀ ਕਵਿੱਤਰੀ ਹੈ। ਉਸ ਦੀ ਸ਼ਾਇਰੀ ਦਾ ਸਫ਼ਰ ਕਵਿਤਾ ਤੇ ਗੀਤ ਨਾਲ ਸ਼ੁਰੂ ਹੋਇਆ ਅਤੇ ਗ਼ਜ਼ਲਕਾਰੀ ਤੱਕ ਪਹੁੰਚ ਗਿਆ। ਹੁਣ ਉਹ ਆਪਣਾ ਗ਼ਜ਼ਲ ਸੰਗ੍ਰਹਿ ਕੂੰਜਾਂ ਦੇ ਰੂਬਰੂ ਲੈ ਕੇ ਹਾਜ਼ਰ ਹੈ। ਬੀਤੇ ਕੁਝ ਸਾਲਾਂ ਵਿਚ ਉਸ ਨੇ ਕਾਫ਼ੀ ਮਿਹਨਤ ਅਤੇ ਲਗਨ ਨਾਲ਼ ਗ਼ਜ਼ਲ ਦੀਆਂ ਬਾਰੀਕੀਆਂ ਨੂੰ ਸਮਝਿਆ ਹੈ ਅਤੇ ਬਹੁਤ ਖ਼ੂਬ ਗ਼ਜ਼ਲਾਂ ਕਹੀਆਂ ਹਨ। ਸਧਾਰਨ ਤੁਕਬੰਦੀ ਤੋਂ ਡੂੰਘੀ ਤੇ ਭਾਵਪੂਰਤ ਸ਼ਾਇਰੀ ਦਾ ਸਫ਼ਰ ਵਾਕਿਆ ਹੀ ਅਸਾਨ ਕੰਮ ਨਹੀਂ ਹੁੰਦਾ ਲੇਕਿਨ ਦਿਓਲ ਪਰਮਜੀਤ ਇਸ ਵਿਚ ਲਗਾਤਾਰ ਕਾਰਜਸ਼ੀਲ ਹੈ ਅਤੇ ਇਹੀ ਕਾਰਜਸ਼ੀਲਤਾ, ਸ਼ਾਇਰ ਦੀ ਸਫ਼ਲਤਾ ਵਿਚ ਸਹਾਇਕ ਹੁੰਦੀ ਹੈ।

ਇਨ੍ਹਾਂ ਗ਼ਜ਼ਲਾਂ ਨੂੰ ਪੜ੍ਹਦਿਆਂ ਸਮੁੱਚੇ ਤੌਰ ਦਿਓਲ 'ਤੇ ਜੋ ਪ੍ਰਭਾਵ ਮੈਂ ਮਹਿਸੂਸ ਕੀਤਾ ਹੈ, ਉਹ ਹੈ ਦਿਓਲ ਪਰਮਜੀਤ ਦਾ ਕੁਦਰਤ ਨਾਲ਼ ਵਾਰਤਾਲਾਪ, ਕੁਦਰਤ ਦਾ ਬਿਰਤਾਂਤ, ਕੁਦਰਤ ਦੇ ਅੰਗ-ਸੰਗ। ਇਨ੍ਹਾਂ ਗ਼ਜ਼ਲਾਂ ਵਿਚ ਵਾਰ-ਵਾਰ ਕੁਦਰਤ ਦੇ ਰੰਗ ਉੱਭਰਦੇ ਹਨ। ਬਹੁਤ ਸਾਰੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਅਜਿਹੇ ਹਨ ਜੋ ਸ਼ਾਇਰਾ ਦੀ ਕੁਦਰਤ ਨਾਲ ਨੇੜਤਾ ਦਰਸਾਉਂਦੇ ਹਨ। ਬਿਰਖ, ਬੂਟੇ, ਪਰਬਤ, ਦਰਿਆ, ਨਦੀਆਂ, ਫੁੱਲ, ਪੱਤੇ, ਤਿਤਲੀਆਂ ਆਦਿ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਇਸ ਵਿੱਚੋਂ ਇਕ ਗੱਲ ਬਹੁਤ ਮਹੱਤਵਪੂਰਨ ਹੈ ਕਿ ਇਨ੍ਹਾਂ ਬਿੰਬਾਂ ਨੂੰ ਵਰਤਦਿਆਂ ਸ਼ਾਇਰਾ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਛੋਂਹਦੀ ਹੋਈ ਅਜੋਕੇ ਮਨੁੱਖੀ ਵਰਤਾਰੇ 'ਤੇ ਚੋਟ ਵੀ ਕਰਦੀ ਹੈ ਤੇ ਕੁਦਰਤੀ ਸੋਮਿਆਂ ਪ੍ਰਤੀ ਚਿੰਤਤ ਵੀ ਹੈ। ਇਸ ਦੇ ਨਾਲ਼ ਹੀ ਪੰਛੀਆਂ, ਫੁੱਲਾਂ, ਤਿਤਲੀਆਂ ਦਾ ਦਰਦ ਵੀ ਆਪਣੀ ਬੁੱਕਲ਼ ਵਿਚ ਭਰਦੀ ਹੈ। ਸ਼ਾਇਦ ਏਸੇ ਕਰ ਕੇ ਇਸ ਪੁਸਤਕ ਦਾ ਨਾਂ ਵੀ ਕੂੰਜਾਂ ਦੇ ਰੂਬਰੂ ਰੱਖਿਆ ਗਿਆ-

ਰਸਤਾ ਬੜਾ ਹੀ ਕਠਿਨ ਹੈ ਕੂੰਜਾਂ ਦੇ ਰੂਬਰੂ
ਹੋਣਾ ਪਵੇਗਾ ਕਿੰਨਿਆਂ ਦੇਸਾਂ ਦੇ ਰੂਬਰੂ

ਮੇਰੇ ਰਾਹੀਂ ਕੁਦਰਤ ਜੀਕਣ ਖੇਡੇ ਲੁਕਣ ਮੀਚੀ
ਮੈਂ ਹੀ ਸਾਗਰ, ਮੈਂ ਹੀ ਕਤਰਾ, ਮੈਂ ਹੀ ਘੋਰ ਘਟਾਵਾਂ

ਮੈਂ ਪੱਤਾ ਹਾਂ ਕੋਈ ਛਤਰੀ ਨਹੀਂ ਕਿ ਢਕ ਲਵਾਂ ਪੂਰਾ
ਮੈਂ ਬੇਵੱਸ ਦੇਖਦਾ ਹਾਂ ਬੋਟ 'ਤੇ ਜਦ ਮੇਘ ਵਰ੍ਹਦਾ ਹੈ

ਇਸ ਰੁੰਡ ਹੋਏ ਰੁੱਖ ਤੋਂ ਮਿਲਦੀ ਗਵਾਹੀ ਏਸ ਦੀ
ਕਿ ਏਸ ਦੀ ਹਰ ਸ਼ਾਖ਼ ਨ੍ਹੇਰੀ ਨਾਲ਼ ਹੋਵੇਗੀ ਲੜੀ

ਪਰਮਜੀਤ ਕੋਲ਼ ਸ਼ਾਇਰੀ ਦੀ ਸ਼ਿਲਪ ਹੈ। ਉਹਨੂੰ ਸ਼ਿਅਰ ਘੜਨੇ ਆਉਂਦੇ ਹਨ। ਗ਼ਜ਼ਲ ਦੀ ਬਣਤਰ ਤੇ ਬੁਣਤਰ ਵੇਲ਼ੇ ਉਹ ਬਹੁਤ ਜੱਦੋਜਹਿਦ ਨਹੀਂ ਕਰਦੀ ਸਗੋਂ ਸੁਭਾਵਕ ਜਿਹੇ ਲਹਿਜ਼ੇ ਵਿਚ ਭਾਵਪੂਰਤ ਗੱਲ ਕਹਿ ਜਾਂਦੀ ਹੈ।

ਮੈਂ ਉਸ ਨੂੰ ਚਾਨਣੀ ਸਾਰੀ ਦੀ ਸਾਰੀ ਸੌਂਪ ਦਿੱਤੀ ਸੀ
ਜੋ ਦੀਵੇ ਵਾਂਗ ਪਾਣੀ ਵਿਚ ਰਿਹਾ ਸੀ ਤਾਰਦਾ ਮੈਨੂੰ

ਬਣਾਂਗੇ ਏਸ ਮਿੱਟੀ ਤੋਂ ਸੁਰਾਹੀ ਇਕ ਨਾ ਇਕ ਦਿਨ ਤਾਂ
ਤੇ ਫਿਰ ਸਮਿਆਂ ਦੇ ਆਵੇ ਵਿਚ ਅਸੀਂ ਭਰਪੂਰ ਪੱਕਣਾ ਹੈ

ਕਿਤੇ-ਕਿਤੇ ਸ਼ਿਅਰਾਂ ਵਿਚ ਮੁਹਾਵਰਾ ਬੰਦੀ ਦਾ ਇਸਤੇਮਾਲ, ਪਰਮਜੀਤ ਦੀ ਸ਼ਾਇਰੀ ਦਾ ਵਿਸ਼ੇਸ਼ ਗੁਣ ਹੈ। ਇਸ ਸ਼ਿਅਰ ਦੀ ਅਟੱਲ ਸਚਾਈ ਨੂੰ ਬੜੀ ਖ਼ੂਬੀ ਨਾਲ਼ ਬਿਆਨਿਆ ਗਿਆ ਹੈ।

ਖੜ੍ਹੇ ਪਾਣੀ ਦੇ ਵਿਚ ਤਾਂ ਕੰਵਲ ਵੀ ਮਹਿਫ਼ੂਜ਼ ਰਹਿੰਦੇ ਨੇ
ਅਗਰ ਪਾਣੀ 'ਚ ਹੋਵੇ ਵੇਗ ਤਾਂ ਪੱਥਰ ਵੀ ਖੁਰਦਾ ਹੈ

ਪੰਜਾਬੀ ਬੰਦਾ ਥਾਵਾਂ ਦਾ ਮੋਹ ਪਾਲ਼ਦਾ ਹੈ। ਉਹ ਆਪਣੇ ਦੇਸੋਂ ਨਿਕਲ਼ ਜਾਂਦਾ ਹੈ ਪਰ ਦੇਸ ਉਸ ਦੇ ਅੰਦਰੋਂ ਨਹੀਂ ਨਿਕਲ਼ਦਾ। ਸ਼ਾਇਰਾ ਪਰਮਜੀਤ ਵੀ ਆਪਣੀ ਮਿੱਟੀ ਬਾਰੇ ਚਿੰਤਤ ਹੈ। ਉਸ ਦੇ ਕਈ ਸ਼ਿਅਰਾਂ ਵਿਚ ਭੂ-ਹੇਰਵਾ, ਪਰਵਾਸ ਅਤੇ ਵਤਨ ਦੀਆਂ ਸਮੱਸਿਆਵਾਂ ਦਾ ਵਰਣਨ ਹੈ।

ਬਾਲ ਉਮਰੇ ਤੁਰ ਗਏ ਪਰਦੇਸ ਹਾਣੀ
ਮੁੜ ਨਾ ਆਏ ਆਪ, ਨਾ ਭੇਜੀ ਖ਼ਬਰ ਹੈ

ਪਰਤੇ ਚਿਰਾਂ ਤੋਂ ਬਾਅਦ ਉਹ ਪਰਦੇਸ ਚੋਂ ਜਦੋਂ
ਰੋਏ ਸੀ ਜ਼ਾਰ-ਜ਼ਾਰ ਹੋ ਕੰਧਾਂ ਦੇ ਰੂਬਰੂ

ਪਰਮਜੀਤ ਦੀ ਸ਼ਾਇਰੀ ਵਿਚ ਅਹਿਸਾਸ ਹੈ, ਨਜ਼ਾਕਤ ਹੈ, ਬਿਰਹਾ ਹੈ, ਸੋਜ਼ ਹੈ। ਉਸ ਕੋਲ਼ ਵਿਸ਼ਿਆਂ ਦੀ ਬਹੁਲਤਾ ਹੈ, ਬਿੰਬਾਂ ਦਾ ਅਥਾਹ ਖ਼ਜ਼ਾਨਾ ਹੈ, ਖ਼ਿਆਲ ਹੈ ਅਤੇ ਉਹ ਗ਼ਜ਼ਲ ਦੀ ਹੋਰ ਪਰਪੱਕਤਾ ਵੱਲ ਜਾਣ ਲਈ ਡੂੰਘੀ ਮਿਹਨਤ ਅਤੇ ਲੋੜੀਂਦਾ ਅਭਿਆਸ ਕਰ ਰਹੀ ਹੈ। ਪਰਮਜੀਤ ਸੁਹਿਰਦ ਸ਼ਾਇਰਾ ਹੈ ਅਤੇ ਗ਼ਜ਼ਲ

*ਦੇ ਸੁਭਾਅ ਨੂੰ ਸਮਝਦਿਆਂ ਇਹ ਜਾਣਦੀ ਹੈ, ਕਿ ਇਸ ਵਿਚ ਕਿੰਨੀ ਮਿਹਨਤ ਦਰਕਾਰ ਹੈ। ਬਕੌਲ ਉਸ ਦੇ–*

*ਅਜੇ ਸਿੱਖਿਆਰਥੀ ਹਾਂ ਸਿੱਖ ਰਹੀ ਬਾਰੀਕੀਆਂ ਹਾਲੇ*
*ਯਕੀਨਨ ਮੇਰੀਆਂ ਗ਼ਜ਼ਲਾਂ 'ਚ ਆਉਣੀ ਪੁਖ਼ਤਗੀ ਇਕ ਦਿਨ*

*ਸ਼ਾਲਾ ਉਸ ਨੂੰ ਮਿਹਨਤ ਸਦਕਾ ਕਾਮਯਾਬੀ ਅਤੇ ਪੁਖ਼ਤਗੀ ਮਿਲੇ। ਉਸ ਤੋਂ ਹੋਰ ਵੀ ਸੂਖਮ ਸ਼ਾਇਰੀ ਦੀ ਆਸ ਨਾਲ਼ ਤੇ ਇਸ ਉਮੀਦ ਨਾਲ਼ ਕਿ ਉਸ ਦਾ ਨਾਂ ਵੱਡੇ ਸ਼ਾਇਰਾਂ ਵਿਚ ਸ਼ੁਮਾਰ ਹੋਵੇ, ਮੈਂ ਇਸ ਪੁਸਤਕ ਦਾ ਪੰਜਾਬੀ ਗ਼ਜ਼ਲ ਸੰਸਾਰ ਵਿਚ ਭਰਪੂਰ ਸਵਾਗਤ ਕਰਦਾ ਹਾਂ।*

ਭੁਪਿੰਦਰ ਦੂਲੇ

# ਇਕਬਾਲਨਾਮਾ

'ਸਾਹਾਂ ਦੀ ਪੱਤਰੀ', 'ਮੈਂ ਇਕ ਰਿਸ਼ਮ' ਅਤੇ 'ਤੂੰ ਕੱਤ ਬਿਰਹਾ' ਤੋਂ ਬਾਅਦ ਹੁਣ ਤੁਹਾਡੇ ਸਾਹਮਣੇ ਗ਼ਜ਼ਲ ਵਿਧਾ ਦੀ ਪੁਸਤਕ ਕੂੰਜਾਂ ਦੇ ਰੂਬਰੂ ਲੈ ਕੇ ਹਾਜ਼ਰ ਹੋਈ ਹਾਂ। ਗ਼ਜ਼ਲ ਵਿਧਾ ਇਕ ਐਸੀ ਵਿਧਾ ਹੈ ਜਿਸ ਵਿਚ ਨਾ ਚਾਹੁੰਦੇ ਹੋਏ ਵੀ ਕਈ ਕਮੀਆਂ-ਪੇਸ਼ੀਆਂ ਰਹਿ ਜਾਂਦੀਆਂ ਹਨ। ਦੋਸਤੋ ਮੇਰੀ ਇਸ ਹਥਲੀ ਪੁਸਤਕ ਵਿਚ ਵੀ ਕਈ ਤਰੁੱਟੀਆਂ ਰਹਿ ਗਈਆਂ ਹੋਣਗੀਆਂ। ਮੈਨੂੰ ਆਸ ਹੈ ਕਿ ਤੁਸੀਂ ਇਨ੍ਹਾਂ ਕਮੀਆਂ-ਪੇਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਅਤੇ ਗ਼ਜ਼ਲ ਦੀ ਸੰਵੇਦਨਾ, ਗ਼ਜ਼ਲ ਦੀ ਭਾਵਨਾ ਨੂੰ ਸਮਝਦੇ ਹੋਏ ਮੈਨੂੰ ਖਿਮਾ ਕਰ ਦਿਓਂਗੇ।

ਤੁਹਾਡੇ ਹੁੰਗਾਰੇ ਦੀ ਉਡੀਕ ਵਿਚ

ਦਿਓਲ ਪਰਮਜੀਤ

ਰਸਤਾ ਬੜਾ ਹੀ ਕਠਨ ਹੈ ਕੂੰਜਾਂ ਦੇ ਰੂਬਰੂ
ਹੋਣਾ ਪਵੇਗਾ ਕਿੰਨਿਆਂ ਦੇਸਾਂ ਦੇ ਰੂਬਰੂ

ਪਰਤੇ ਚਿਰਾਂ ਦੇ ਬਾਅਦ ਉਹ ਪਰਦੇਸ 'ਚੋਂ ਜਦੋਂ
ਰੋਏ ਸੀ ਜ਼ਾਰ ਜ਼ਾਰ ਹੋ ਕੰਧਾਂ ਦੇ ਰੂਬਰੂ

ਜ਼ਖ਼ਮੀ ਪਰਾਂ ਦੇ ਨਾਲ ਜੋ ਪਹਿਲਾਂ ਹੀ ਉੱਡ ਰਹੀ
ਹੁਣ ਫਿਰ ਕਟਾਰ ਹੈ ਉਹਦੇ ਖੰਭਾਂ ਦੇ ਰੂਬਰੂ

ਸੂਲ਼ਾਂ ਦੇ ਨਾਲ਼ ਖਹਿ ਕੇ ਉਹ ਸੱਪਣੀ ਸੀ ਮਰ ਗਈ
ਹੋਈ ਨਾ ਪਰ ਉਹ ਬੇਵਫ਼ਾ ਸੱਪਾਂ ਦੇ ਰੂਬਰੂ

ਰੁੱਖਾਂ ਬਨੇਰਿਆਂ ਦੇ ਜ਼ਮਾਨੇ ਚਲੇ ਗਏ
ਤਾਰਾਂ ਤੇ ਖੰਭੇ ਰਹਿ ਗਏ ਕਾਵਾਂ ਦੇ ਰੂਬਰੂ

ਵੱਸਦੇ ਘਰਾਂ ਨੂੰ ਦੇਖ ਕੇ, ਖ਼ਾਨਾਬਦੋਸ਼ ਉਹ
ਆਹ ਭਰ ਕੇ ਫੇਰ ਹੋ ਗਈ ਰਾਹਾਂ ਦੇ ਰੂਬਰੂ

ਧੁੱਪਾਂ ਹੀ ਭੇਸ ਬਦਲ ਕੇ ਵਿਛੀਆਂ ਨੇ ਰਾਹ 'ਚ ਹੁਣ
ਹੋਣਾ ਕੀ ਇਸ ਤਰ੍ਹਾਂ ਦੀਆਂ ਛਾਵਾਂ ਦੇ ਰੂਬਰੂ

■

ਜਦੋਂ ਮੈਂ ਫੋਲਿਆ ਸੀ ਦਿਲ ਉਹਦੇ ਮੋਢੇ ’ਤੇ ਸਿਰ ਧਰ ਕੇ
ਉਹ ਮੇਰੇ ਨਾਲ਼ ਖ਼ੁਦ ਵੀ ਰੋ ਪਿਆ ਸੀ ਅੱਖੀਆਂ ਭਰ ਕੇ

ਮੇਰੇ ਮੌਲਾ ਕਰੀਂ ਰਹਿਮਤ ਉਹਨੂੰ ਸਾਕਾਰ ਕਰ ਦੇਵੀਂ
ਇਨ੍ਹਾਂ ਅੱਖਾਂ ਨੇ ਜਿਹੜਾ ਦੇਖਿਆ ਹੈ ਖ਼ਾਬ ਮਰ ਮਰ ਕੇ

ਉਹ ਮੰਜ਼ਲ ਤੀਕ ਲੈ ਕੇ ਜਾਣ ਦਾ ਹੰਕਾਰ ਕਰਦਾ ਹੈ
ਜੋ ਰਸਤਾ ਕੱਟਦੇ ਰਾਹੀ ਹਮੇਸ਼ਾ ਧੁੱਪ ਜਰ ਜਰ ਕੇ

ਮਨਾ ਕੇ ਹਰਖ਼ੀਆਂ ਲਹਿਰਾਂ ਨੂੰ ਪਿੱਛੇ ਮੋੜ ਦਿੰਦੇ ਨੇ
ਕਿਨਾਰੇ ਤਾਂ ਨਿਭਾਉਂਦੇ ਫ਼ਰਜ਼ ਅਪਣਾ ਰੋਜ਼ ਖਰ ਖਰ ਕੇ

ਚੜ੍ਹੇ ਦਰਿਆ ਨੂੰ ਤਕ ਤਕ ਕੇ ਤੁਸੀਂ ਘਬਰਾ ਗਏ ਐਵੇਂ
ਜਿਨ੍ਹਾਂ ਨੇ ਹੌਸਲਾ ਕੀਤਾ ਉਹ ਹੋਏ ਪਾਰ ਤਰ ਤਰ ਕੇ

ਜੇ ਕਰੀਏ ਕੋਸ਼ਿਸ਼ਾਂ ਤਾਂ ਸਫ਼ਲਤਾ ਹੁੰਦੀ ਸਦਾ ਹਾਸਲ
ਉਹ ਤਾਹੀਉਂ ਜਿੱਤ ਗਿਆ ਆਖ਼ਰ ਅਨੇਕਾਂ ਵਾਰ ਹਰ ਹਰ ਕੇ

ਬਣੇ ਤਲਵਾਰ, ਖੰਜਰ, ਮੇਖ ਵੀ ਓਸੇ ਹੀ ਲੋਹੇ ਤੋਂ
ਬਦਲ ਸਕਦਾ ਹੈ ਜੋ ਤਾਸੀਰ ਅੱਗ ਦਾ ਸੇਕ ਜਰ ਜਰ ਕੇ

ਜਦੋਂ ਹਲਕੀ ਜਿਹੀ ਹਲਚਲ ਵੀ ਹੁੰਦੀ ਪੱਥਰਾਂ ਅੰਦਰ
ਉਦੋਂ ਕੁਝ ਤਿੜਕਦਾ ਲਾਜ਼ਮ ਹੀ ਸ਼ੀਸ਼ੇ ਦੇ ਘਰਾਂ ਅੰਦਰ

ਮੁਸਾਫ਼ਰ ਜੇਸ ਵਿਚ ਲਾਉਂਦੇ ਸੀ ਹੁੰਦੇ ਰਾਤ ਭਰ ਮੇਲਾ
ਕਬੂਤਰ ਗੁਟਕਦੇ ਰਹਿੰਦੇ ਨੇ ਹੁਣ ਓਸੇ ਸਰਾਂ ਅੰਦਰ

ਬੜੇ ਹੀ ਸਿਰਫਿਰੇ ਹੁੰਦੇ ਕਿ ਇਹਨਾਂ ਆਸ਼ਕਾਂ ਦੇ ਤਾਂ
ਲਹੂ ਦੀ ਥਾਂ ਮੁਹੱਬਤ ਦੌੜਦੀ ਹੈ ਆਂਦਰਾਂ ਅੰਦਰ

ਘਰਾਂ ਦੇ ਦੀਵਿਆਂ ਨੂੰ ਇਹ ਪਲਾਂ ਅੰਦਰ ਬੁਝਾ ਦਿੰਦੀ
ਜਦੋਂ ਵੀ ਲੰਘ ਆਉਂਦੀ ਹੈ ਹਵਾ ਅੱਥਰੀ ਦਰਾਂ ਅੰਦਰ

ਕਿਸੇ ਕੋਲੋਂ ਹੈ ਸੁਣ ਲੈਂਦੀ ਜਦੋਂ ਵੀ ਜ਼ਿਕਰ ਸ਼ਿਕਰੇ ਦਾ
ਉਦੋਂ ਬੁਲਬੁਲ ਲੁਕੋ ਲੈਂਦੀ ਹੈ ਬੋਟਾਂ ਨੂੰ ਪਰਾਂ ਅੰਦਰ

ਮਿਲਾਇਆ ਰੱਬ ਦੀ ਥਾਂ 'ਤੇ ਇਨ੍ਹਾਂ ਸ਼ੈਤਾਨ ਹੀ ਮੈਨੂੰ
ਕੋਈ ਈਮਾਨ ਨਾ ਬਚਿਆ ਇਨ੍ਹਾਂ ਪੈਗ਼ੰਬਰਾਂ ਅੰਦਰਾਂ

■

ਪਤਾ ਨਹੀਂ ਕਿਉਂ ਮੇਰੇ ਅੰਦਰ ਬੜਾ ਹੀ ਦਰਦ ਭਰਦਾ ਹੈ
ਜਦੋਂ ਵੀ ਚੰਨ ਆਪਣੀ ਚਾਨਣੀ ਦਾ ਦਾਨ ਕਰਦਾ ਹੈ

ਮੇਰੇ ਹੱਥੋਂ ਖਿਡਾਉਣਾ ਓਸ ਦਾ ਹੈ ਟੁੱਟਿਆ ਜਦ ਦਾ
ਉਦੋਂ ਦਾ ਹੀ ਮੇਰੇ ਅੰਦਰ ਉਹ ਬੱਚਾ ਰੋਜ਼ ਮਰਦਾ ਹੈ

ਜਦੋਂ ਵੀ ਰਿਸ਼ਤਿਆਂ ਦੀ ਅੱਗ ਉਸ ਨੂੰ ਸਾੜ ਕੇ ਸੁੱਟਦੀ
ਉਦੋਂ ਬੱਸ ਦੇਖ ਕੇ ਬੱਚਿਆਂ ਨੂੰ ਸੀਨਾ ਮਾਂ ਦਾ ਠਰਦਾ ਹੈ

ਮੈਂ ਉਸ ਅੱਗੇ ਖੜ੍ਹੇ ਹੋ ਕੇ ਸੁਣਾਇਆ ਹਾਲ ਕੀ ਦਿਲ ਦਾ
ਕਿ ਉਸ ਤਸਵੀਰ ਦੇ ਨੈਣਾਂ 'ਚ ਹੁਣ ਤਕ ਹੰਝ ਤਰਦਾ ਹੈ

ਮੈਂ ਪੱਤਾ ਹਾਂ ਕੋਈ ਛਤਰੀ ਨਹੀਂ ਕਿ ਢੱਕ ਲਵਾਂ ਪੂਰਾ
ਮੈਂ ਬੇਬਸ ਦੇਖਦਾ ਹਾਂ ਬੋਟ 'ਤੇ ਜਦ ਮੇਘ ਵਰ੍ਹਦਾ ਹੈ

ਤੇਰਾ ਰੁਤਬਾ ਹੀ ਅੱਜਕਲ੍ਹ ਅੰਬਰਾਂ ਨੂੰ ਛੂਹ ਗਿਆ ਲਗਦਾ
ਨਹੀਂ ਤਾਂ ਦੱਸ ਸਾਡੇ ਬਾਝ ਤੇਰਾ ਕਿੰਝ ਸਰਦਾ ਹੈ

ਵਿਕਾਊ ਕਲਮ ਦਾ ਹੀ ਅਕਸ ਦਿਸਦਾ ਅੱਖਰਾਂ ਵਿੱਚੋਂ
ਕਿ ਇਸ ਪੁਸਤਕ ਦਾ ਹਰ ਪੰਨਾ ਹੀ ਕੋਈ ਸਿਤਮ ਜਰਦਾ ਹੈ

ਜੇ ਹੁੰਦਾ ਉਲਝਣਾਂ ਦੇ ਨਾਲ ਤੂੰ ਦੋ ਚਾਰ ਹੀ ਰਹਿਣਾ
ਤਾਂ ਅਪਣੀ ਜ਼ਿੰਦਗੀ ਵਿਚ ਫੇਰ ਇਹ ਤਕਰਾਰ ਹੀ ਰਹਿਣਾ

ਮੇਰੀ ਹੈ ਸੋਚਣੀ ਵੱਖਰੀ ਤੇ ਮੇਰੇ ਕੰਮ ਵੀ ਵੱਖਰੇ
ਤੇਰਾ ਮੇਰਾ ਸਦਾ ਵੱਖਰਾ ਜਿਹਾ ਸੰਸਾਰ ਹੀ ਰਹਿਣਾ

ਵਿਕਾਊ ਹੋ ਗਈ ਹਰ ਚੀਜ਼ ਤੇ ਜਜ਼ਬਾਤ ਵੀ ਵਿਕਦੇ
ਚੁਫੇਰੇ ਹਰ ਸਮੇ ਸਜਿਆ ਇਹੋ ਬਾਜ਼ਾਰ ਹੀ ਰਹਿਣਾ

ਕਦੋਂ ਤਕ ਜਿਸਮ ਤੇ ਪੈਸਾ ਖ਼ਰੀਦਣਗੇ ਭਲਾ ਡਿਗਰੀ
ਕਦੋਂ ਤਕ ਏਸ ਵਿੱਦਿਆ ਨੇ ਬਣੀ ਵਿਉਪਾਰ ਹੀ ਰਹਿਣਾ

ਖ਼ਿਜ਼ਾਵਾਂ ਵੀ ਸਦਾ ਹੈਰਾਨ ਹੋ ਕੇ ਜਾਂਦੀਆਂ ਵਾਪਸ
ਉਹ ਕੀ ਜਾਨਣ ਮੇਰਾ ਖਿੜਿਆ ਸਦਾ ਗੁਲਜ਼ਾਰ ਹੀ ਰਹਿਣਾ

ਤੂੰ ਮੇਰੇ ਲਾਹ ਲਵੀਂ ਕਿੰਨੇ ਵੀ ਟੁਕੜੇ ਜਦ ਵੀ ਜੀ ਚਾਹੇ
ਮੈਂ ਧਰਤੀ ਘੁੰਮਦੀ ਨੇ ਫਿਰ ਵੀ ਗੋਲਾਕਾਰ ਹੀ ਰਹਿਣਾ

ਅਜੇ ਤੈਨੂੰ ਜਫ਼ਾਵਾਂ ਸਹਿ ਸਕਣ ਦਾ ਵੱਲ ਨਹੀਂ ਹੋਣਾ
ਕਿ ਮੇਰੇ ਵਾਂਗ ਡੂੰਘਾ ਦਰਦ ਤੈਥੋਂ ਝੱਲ ਨਹੀਂ ਹੋਣਾ

ਤੁਹਾਡੇ ਤੋਂ ਹਕੀਕਤ ਤੀਕ ਜੇਕਰ ਪਹੁੰਚ ਨਾ ਹੋਇਆ
ਤੁਹਾਥੋਂ ਫਿਰ ਕਿਸੇ ਮੁਸ਼ਕਲ ਦਾ ਕੋਈ ਹੱਲ ਨਹੀਂ ਹੋਣਾ

ਤੁਸੀਂ ਮਜਬੂਰ ਹੋ ਕੇ ਏਸ ਦੇ ਵਿਚ ਵਹਿ ਹੀ ਜਾਣਾ ਹੈ
ਹੜ੍ਹਾਂ ਦਾ ਸ਼ੂਕਦਾ ਪਾਣੀ ਤੁਹਾਥੋਂ ਠੱਲ੍ਹ ਨਹੀਂ ਹੋਣਾ

ਇਹਨੂੰ ਅੱਖਰਾਂ ਹਵਾਲੇ ਕਰ ਦਿਆਂ ਸਫ਼ਿਆਂ ’ਤੇ ਜਾ ਕੇ ਮੈਂ
ਜੋ ਅੱਜ ਅਹਿਸਾਸ ਹੈ ਦਿਲ ਵਿਚ, ਦੁਬਾਰਾ ਕੱਲ੍ਹ ਨਹੀਂ ਹੋਣਾ

ਜਦੋਂ ਮਸਤੀ ’ਚ ਆ ਕੇ ਨੱਚਦਾ ਸੀ ਦੇਖਿਆ ਉਸ ਨੂੰ
ਘਟਾ ਕਹਿੰਦੀ ਵੇ ਮੋਰਾ ਨਾਲ ਤੇਰੇ ਚੱਲ ਨਹੀਂ ਹੋਣਾ

ਜਦੋਂ ਤੀਕਰ ਮੇਰੇ ਪੈਰਾਂ ਦੀ ਭਟਕਣ ਦੂਰ ਨਾ ਹੁੰਦੀ
ਮੇਰੇ ਕੋਲੋਂ ਉਦੋਂ ਤੀਕਰ ਤੇਰਾ ਦਰ ਮੱਲ ਨਹੀਂ ਹੋਣਾ

ਚਲੋ ਇਹ ਤੇਲ ਤੇ ਬੱਤੀ ਤਾਂ ਤੇਰਾ ਸਾਥ ਦੇਵਣਗੇ
ਹਵਾ ਨੇ, ਦੀਵਿਆ ਹਰਗਿਜ਼ ਵੀ ਤੇਰੇ ਵੱਲ ਨਹੀਂ ਹੋਣਾ

ਤੂਫ਼ਾਨ ਤੇ ਬਾਰਸ਼ ’ਚੋਂ ਕੋਈ ਸਾਜ਼ਿਸ਼ਾਂ ਕਰਦਾ ਰਿਹਾ
ਫਿਰ ਵੀ ਉਹ ਪੱਤਾ ਟੁੱਟ ਕੇ ਪਾਣੀ ’ਤੇ ਸੀ ਤਰਦਾ ਰਿਹਾ

ਜੇ ਉਹ ਬਣੀ ਤਾਂ ਬਸ ਕਿਸੇ ਦੇ ਦੁੱਖ ਦਾ ਕਾਰਨ ਬਣੀ
ਕੇ ਓਸ ਧੂਣੀ ਦਾ ਧੂੰਆਂ ਘਰ ਘਰ ’ਚ ਹੀ ਭਰਦਾ ਰਿਹਾ

ਕੁਦਰਤ ਨੇ ਕੇਹੀ ਪਾ ਲਈ ਇਹ ਦੋਸਤੀ ਸੀ ਅੱਗ ਨਾਲ
ਹਰ ਬਿਰਖ ਹੀ ਸੜਦਾ ਰਿਹਾ, ਹਰ ਜਾਨਵਰ ਮਰਦਾ ਰਿਹਾ

ਉਸ ਤੋਂ ਬੁਝਾਇਆ ਨਾ ਗਿਆ ਅੰਬਰ ਦੀ ਦੇਹਲੀ ਦਾ ਚਿਰਾ.ਗ
ਹਰਖ਼ਿਆ ਇਕ ਮੇਘਲਾ ਵਰ੍ਹਦਾ ਰਿਹਾ ਵਰ੍ਹਦਾ ਰਿਹਾ

ਕੋਈ ਨਦੀ ਦੇ ਵਾਂਗਰਾਂ ਵਗਦਾ ਰਿਹਾ ਇਸ ਕੋਲ਼ ਦੀ
ਗੁੰਗਾ ਜਿਹਾ ਰਿਸ਼ਤਾ ਕਿਨਾਰੇ ਵਾਂਗਰਾਂ ਖਰਦਾ ਰਿਹਾ

.ਗਲਤੀ ਦਾ ਇਹ ਅਹਿਸਾਸ ਹੀ ਨਾ ਜੀਣ ਦਿੰਦਾ ਓਸ ਨੂੰ
ਕਿ ਉਹ ਮੇਰੇ ਸਿਰ ਬੇਵਜ੍ਹਾ ਇਲਜ਼ਾਮ ਸੀ ਧਰਦਾ ਰਿਹਾ

■

ਮਨ ਜੋ ਵਿਲਕਿਆ ਹੈ ਉਸ ਦੇ ਜਾਣ ਮਗਰੋਂ
ਕੁਝ ਤਾਂ ਤਿੜਕਿਆ ਹੈ ਉਸ ਦੇ ਜਾਣ ਮਗਰੋਂ

ਕਿਉਂ ਖ਼ਫਾ ਰਿਹਾ ਉਸ ਨਾਲ ਇਹ ਹਮੇਸ਼ਾ
ਦਿਲ ਨੂੰ ਝਿੜਕਿਆ ਹੈ ਉਸ ਦੇ ਜਾਣ ਮਗਰੋਂ

ਇੰਤਜ਼ਾਰ ਏਨਾ ਖਾਹਮਖਾਹ ਹੀ ਕੀਤਾ
ਨੀਰ ਰਿੜਕਿਆ ਹੈ ਉਸ ਦੇ ਜਾਣ ਮਗਰੋਂ

ਉਮਰ ਭਰ ਰਿਹਾ ਤੁਰਦਾ ਅਡੋਲ ਹੀ ਮੈਂ
ਪੈਰ ਥਿੜਕਿਆ ਹੈ ਉਸ ਦੇ ਜਾਣ ਮਗਰੋਂ

ਉਸ ਦੀ ਪੈੜ ਉੱਤੇ ਮੈਂ ਲਹੂ ਜਿਗਰ ਦਾ
ਨਿੱਤ ਹੀ ਛਿੜਕਿਆ ਹੈ ਉਸ ਦੇ ਜਾਣ ਮਗਰੋਂ

ਹਵਾਵਾਂ ਨੇ ਹਜ਼ਾਰਾਂ ਵਾਰ ਉਹਨਾਂ ਨੂੰ ਜੇ ਠਗਣਾ ਹੈ
ਚਿਰਾਗ਼ਾਂ ਨੇ ਵੀ ਠਾਣੀ ਹੈ ਅਸੀਂ ਹਰ ਹਾਲ ਬਲਣਾ ਹੈ

ਅਜਬ ਹੀ ਦਾਸਤਾਂ ਮੋੱਬੱਤੀਆਂ ਹਨ ਰੋਜ਼ ਦੱਸਦੀਆਂ
ਵਹਾਉਣੇ ਨੇ ਅਸੀਂ ਹੰਝੂ ਤੇ ਸਾਰੀ ਰਾਤ ਜਗਣਾ ਹੈ

ਇਹ ਤੇਰਾ ਭਰਮ ਹੈ ਜੰਗਲ਼ ਦੇ ਫੁੱਲ ਖ਼ੁਸ਼ਬੋ ਨਹੀਂ ਦਿੰਦੇ
ਇਨ੍ਹਾਂ ਇਕ ਦਿਨ ਤੇਰੇ ਵਿਹੜੇ ’ਚ ਨਾ ਚਾਹੁੰਦੇ ਵੀ ਖਿੜਣਾ ਹੈ

ਥਲਾਂ ਨੂੰ ਪਿਆਸ ਹੋਵੇ ਜਾ ਨਾ ਹੋਵੇ ਪਰ ਯਕੀਨਨ ਹੀ
ਪਹਾੜਾਂ ’ਚੋਂ ਨਿਰੰਤਰ ਝਰਨਿਆਂ ਵਗਣਾ ਹੀ ਵਗਣਾ ਹੈ

ਬਣਾਂਗੇ ਏਸ ਮਿੱਟੀ ਤੋਂ ਸੁਰਾਹੀ ਇਕ ਨਾ ਇਕ ਦਿਨ ਤਾਂ
ਤੇ ਫਿਰ ਸਮਿਆਂ ਦੇ ਆਵੇ ਵਿਚ ਅਸੀਂ ਹਰ ਪਲ ਹੀ ਪੱਕਣਾ ਹੈ

■

ਧੁੱਪਾਂ ’ਚ ਸੜਦੀਆਂ ਕਦੇ ਪਾਲ਼ੇ ’ਚ ਠਰਦੀਆਂ
ਪੱਤੀਆਂ ਸਦਾ ਹੀ ਮੌਸਮਾਂ ਦੇ ਕਹਿਰ ਜਰਦੀਆਂ

ਬਾਜ਼ਾਂ ਦੇ ਸ਼ਹਿਰ ਕਿਉਂ ਭਲਾ ਮੱਚਦੀ ਹੈ ਖਲਬਲੀ
ਚਿੜੀਆਂ ਜਦੋਂ ਉਡਾਰੀਆਂ ਅੰਬਰ ’ਚ ਭਰਦੀਆਂ

ਪਰਬਤ ਤੋਂ ਰੋਜ਼ ਬਰਫ਼ ਹੈ ਇਹਦੇ ’ਚ ਡਿੱਗਦੀ
ਨਾ ਹੀ ਰੁਕੇ ਨਦੀ ਤੇ ਨਾ ਮੱਛੀਆਂ ਹੀ ਮਰਦੀਆਂ

ਇਸ ਫੁੱਲ ਨੇ ਸੀ ਮਹਿਲ ਦੇ ਮੱਥੇ ’ਚ ਲੱਗਣਾ
ਪੌਣਾਂ ਅਗਰ ਨਾ ਏਸ ਨੂੰ ਖੰਡਰ ’ਚ ਧਰਦੀਆਂ

ਜਿਹੜੇ ਤਲਾਅ ਨੇ ਬਗਲਿਆਂ ਦਾ ਮਾਣ ਤੋੜਿਆ
ਓਸੇ ਤਲਾਅ ’ਚ ਭੋਲ਼ੀਆਂ ਬੱਤਖ਼ਾਂ ਨੇ ਤਰਦੀਆਂ

ਕਰੀਆਂ ਕੀ ਬਦਸਲੂਕੀਆਂ ਤੂੰ ਤਿਤਲੀਆਂ ਦੇ ਨਾਲ
ਫੁੱਲਾਂ ’ਤੇ ਬਹਿਣ ਦਾ ਵੀ ਜੋ ਜੇਰਾ ਨਾ ਕਰਦੀਆਂ

[redacted]

ਹਨੇਰਾ ਜਗਮਗਾ ਉੱਠੇਗਾ ਬਣ ਕੇ ਰੌਸ਼ਨੀ ਇਕ ਦਿਨ
ਮਿਲੇਗੀ ਜ਼ਿੰਦਗੀ ਬਣ ਕੇ ਅਸਾਨੂੰ ਜ਼ਿੰਦਗੀ ਇਕ ਦਿਨ

ਹੈ ਦਿਲ ਵਿਚ ਤੜਫ਼ ਮਿਲਣੇ ਦੀ ਨਿਰੰਤਰ ਹੈ ਸਫ਼ਰ ਇਸ ਦਾ
ਯਕੀਨਨ ਪਹੁੰਚ ਜਾਵੇਗੀ ਸਮੁੰਦਰ ਤਕ ਨਦੀ ਇਕ ਦਿਨ

ਘਟਾਵਾਂ ਭੈੜੀਆਂ ਤਰਸਾਉਂਦੀਆਂ ਰਹੀਆਂ ਇਵੇਂ ਜੇਕਰ
ਮੇਰੇ ਹੋਠਾਂ 'ਤੇ ਆ ਜਾਣੀ ਥਲਾਂ ਦੀ ਤਿਸ਼ਨਗੀ ਇਕ ਦਿਨ

ਜ਼ਮਾਨਾ ਰੋਕ ਨਾ ਪਾਵੇਗਾ ਸਾਡੇ ਮੇਲ ਨੂੰ ਹਰਗਿਜ਼
ਰਹੇਗੀ ਸਾਹਮਣੇ ਆ ਕੇ ਲਿਖੀ ਤਕਦੀਰ ਦੀ ਇਕ ਦਿਨ

ਭਰੇ ਬਾਜ਼ਾਰ ਵਿਚ ਜੀਕਣ ਮੈਂ ਉਸ ਦੀ ਹੋਂਦ ਨੂੰ ਤਰਸਾਂ
ਉਹਨੂੰ ਵੀ ਇਸ ਤਰ੍ਹਾਂ ਹੀ ਰੜਕਣੀ ਸਾਡੀ ਕਮੀ ਇਕ ਦਿਨ

ਅਜੇ ਸਿਖਿਆਰਥੀ ਹਾਂ ਸਿਖ ਰਹੀ ਬਾਰੀਕੀਆਂ ਹਾਲੇ
ਯਕੀਨਨ ਮੇਰੀਆਂ ਗ਼ਜ਼ਲਾਂ 'ਚ ਆਉਣੀ ਪੁਖ਼ਤਗੀ ਇਕ ਦਿਨ

ਚੜ੍ਹੇ ਸੂਰਜ ਨੂੰ ਡਿੱਠਾ ਤਾਂ ਹਨੇਰਾ ਡਰ ਗਿਆ ਆਪੇ
ਕਿ ਖ਼ਾਲੀ ਕੈਨਵਸ ਵਿਚ ਰੰਗ ਕਾਦਰ ਭਰ ਗਿਆ ਆਪੇ

ਉਨ੍ਹਾਂ ਨੇ ਆ ਕੇ ਹਾਲੇ ਦੀਵਿਆਂ ਦੀ ਗੱਲ ਹੀ ਛੇੜੀ
ਕਿ ਓਸੇ ਵਕਤ ਨ੍ਹੇਰੇ ਵਿਚ ਸੀ ਚਾਨਣ ਭਰ ਗਿਆ ਆਪੇ

ਹਵਾ ਉੱਤੇ ਜਾਂ ਲਹਿਰਾਂ ’ਤੇ ਤਾਂ ਐਵੇਂ ਦੋਸ਼ ਲਗਦਾ ਹੈ
ਕੋਈ ਪਾਣੀ ’ਤੇ ਬਣਿਆ ਬੁਲਬੁਲਾ ਸੀ ਮਰ ਗਿਆ ਆਪੇ

ਉਹਨੇ ਖ਼ੁਦ ਤਪਦੀਆਂ ਧੁੱਪਾਂ ਦੇ ਅੰਦਰ ਜ਼ਿੰਦਗੀ ਕੱਢੀ
ਖੜ੍ਹਾ ਰੁੱਖ ਪਾਂਧੀਆਂ ਦੇ ਦੁੱਖ ਸਾਰੇ ਜਰ ਗਿਆ ਆਪੇ

ਖਰੇ ਕੀ ਰੰਜ ਹੋਣਾ ਉਸ ਨੂੰ ਵਗਦੇ ਨੀਰ ਦੇ ਉੱਤੇ
ਨਿਮਾਣੀ ਉਸ ਨਦੀ ਦਾ ਜੋ ਕਿਨਾਰਾ ਖਰ ਗਿਆ ਆਪੇ

ਜੋ ਮੇਰੇ ਵਾਸਤੇ ਕੱਲ੍ਹ ਤੀਕ ਸਾਹਾਂ ਤੋਂ ਜ਼ਰੂਰੀ ਸੀ
ਹੈਰਾਨੀ ਹੈ ਕਿ ਅੱਜ ਉਸ ਤੋਂ ਬਿਨਾਂ ਕਿੰਝ ਸਰ ਗਿਆ ਆਪੇ

■

ਤੇਰੀ ਮਰਜ਼ੀ ਤੂੰ ਕਹਿ ਦਿੱਤਾ ਹੁਣ ਮੈਂ ਤੇਰਾ ਪਿਆਰ ਨਹੀਂ
ਇਸ ਬਿਰਹਣ ਨੇ ਤੇਰੀ ਖ਼ਾਤਰ ਫਿਰ ਵੀ ਢੋਏ ਬਾਰ ਨਹੀਂ

ਬੇਕਦਰਾ ਹੁਣ ਤੇਰੇ ਉੱਤੇ ਕਰ ਹੋਣਾ ਇਤਬਾਰ ਨਹੀਂ
ਲੱਕੜ ਦੀ ਤੌੜੀ ਤਾਂ ਚੁੱਲ੍ਹੇ ਚੜ੍ਹਦੀ ਦੂਜੀ ਵਾਰ ਨਹੀਂ

ਹਰਦਮ ਜ਼ਖ਼ਮੀ ਕਰਦੇ ਆਏ ਮੇਰੇ ਕੋਮਲ ਪੈਰਾਂ ਨੂੰ
ਤੇਰੀ ਕਿਸਮਤ ਚੰਗੀ ਹੈ ਜੋ ਤੇਰੇ ਰਾਹ ਵਿਚ ਖ਼ਾਰ ਨਹੀਂ

ਵੰਨ ਸੁਵੰਨੇ ਗਹਿਣੇ ਘੜਦਾ ਮੇਰੇ ਲਈ ਉਹ ਸੋਚਾਂ ਦੇ
ਐਪਰ ਉਸ ਨੇ ਅੱਜ ਤਕ ਘੜਿਆ ਇਕ ਵੀ ਰਾਣੀ ਹਾਰ ਨਹੀਂ

ਉਹ ਕੀ ਅਲਖ ਜਗਾਊ ਤੇਰੇ ਦਰ 'ਤੇ ਆ ਕੇ ਬੇਦਰਦੀ
ਇਸ਼ਕ ਮੁਹੱਬਤ ਦੀ ਹੀ ਜਿਹੜਾ ਰੱਖਦਾ ਕੋਈ ਸਾਰ ਨਹੀਂ

ਕੰਧ 'ਚ ਉੱਗਿਆ ਕਮਲ਼ਾ ਪਿੱਪਲ ਐਵੇਂ ਸੋਚੀ ਜਾਂਦਾ ਹੈ
ਹੋਰਾਂ ਵਾਂਗਰ ਇਸ ਧਰਤੀ 'ਤੇ ਮੈਂ ਤਾਂ ਪਾਇਆ ਭਾਰ ਨਹੀਂ

ਚਿੱਟੇ ਚਾਨਣ ਦੇ ਵਿਚ ਦੇਖਾਂ ਮਹਿਰਮ ਦਾ ਸਿਰਨਾਵਾਂ
ਸੂਰਜ ਮੇਰੀਆਂ ਪੈੜਾਂ ਦੱਬੇ, ਮੱਲਦਾ ਮੇਰੀਆਂ ਰਾਹਵਾਂ

ਮੇਰੇ ਰਾਹੀਂ ਕੁਦਰਤ ਜੀਕਣ ਖੇਡੇ ਲੁੱਕਣ ਮੀਚੀ
ਮੈਂ ਹੀ ਸਾਗਰ, ਮੈ ਹੀ ਕਤਰਾ, ਮੈਂ ਹੀ ਘੋਰ ਘਟਾਵਾਂ

ਰੇਤ ਘਰੌਂਦਾ ਆਪ ਬਣਾਵਾਂ ਮਿੱਟੀ ਪੈਰੀਂ ਧਰ ਕੇ
ਦੋ ਪਲ ਖ਼ੁਸ਼ੀਆਂ ਮਾਣਾਂ ਆਪੇ ਢਾਹਵਾਂ ਘਰ ਨੂੰ ਜਾਵਾਂ

ਰੰਗ ਬਿਰੰਗੇ ਫੁੱਲਾਂ ਦੇ ਵਿਚ ਤਿਤਲੀ ਕਰਦੀ ਮਸਤੀ
ਧੁੱਪ 'ਚ ਸੜਦੇ ਫੁੱਲ ਬਚਾਉਂਦੀ ਖੰਭੀਂ ਕਰ ਕੇ ਛਾਵਾਂ

ਆਲ੍ਹਣਿਆਂ ਵਿਚ ਬੋਟ ਉਡੀਕਣ ਵਿਲਕਣ ਚੋਗੇ ਤਾਈਂ
ਸ਼ਿਕਰੇ ਘਾਤ ਲਗਾ ਕੇ ਬੈਠੇ ਮੁੜ ਨਾ ਆਈਆਂ ਮਾਵਾਂ

ਸਾਡੇ ਹੱਥੀਂ ਰਹਿ ਜਾਵੇਗੀ ਸੁੰਨੀ ਡੋਰ ਲਰਜ਼ਦੀ
ਦਿਉਲ ਪਤੰਗਾਂ ਨੇ ਉਡ ਜਾਣਾ ਇਕ ਦਿਨ ਤੋੜ ਤਣਾਵਾਂ

ਤੇਰੇ ਸ਼ਹਿਰ 'ਚ ਆ ਕੇ ਮਿਲ ਗਈ ਰੂਹ ਮੇਰੀ ਨੂੰ ਢੋਈ
ਸਾਰੇ ਮੈਨੂੰ ਅਪਣੇ ਲਗਦੇ ਨਈਂ ਬੇਗਾਨਾ ਕੋਈ

ਕਿਹੜੇ ਦੇਸ਼ ਟਿਕਾਣਾ ਉਸ ਦਾ ਦੱਸ ਦਿਓ ਸਿਰਨਾਵਾਂ
ਜਿਸ ਦਾ ਘਰ ਲੱਭਦੀ ਲੱਭਦੀ ਹੀ ਮੈਂ ਤਾਂ ਕਮਲ਼ੀ ਹੋਈ

ਸੁਪਨੇ ਦੇ ਵਿਚ ਮਿਲਿਆ ਮੈਨੂੰ ਜਾ ਗਲਵੱਕੜੀ ਪਾਈ
ਰੋਜ਼ ਖ਼ਿਆਲਾਂ ਅੰਦਰ ਉਸ ਦੇ ਮੈਂ ਰਹਿੰਦੀ ਸੀ ਖੋਈ

ਵੱਡੇ ਵੱਡੇ ਮਹਿਲ ਮੁਨਾਰੇ ਮੇਰੇ ਆਲ ਦੁਆਲ਼ੇ
ਲੇਕਿਨ ਤੇਰੇ ਬਾਝ ਨਾ ਮੈਨੂੰ ਮਿਲਦੀ ਕਿਧਰੇ ਢੋਈ

ਡਿੱਕੇ- ਡੋਲੇ ਖਾਂਦੀ ਥਲ ਵਿਚ ਤੇਰੀਆਂ ਪੈੜਾਂ ਲੱਭਾਂ
ਮਾਰੂਥਲ ਦੀ ਤਪਦੀ ਰੇਤ ਵੀ ਮੇਰੇ ਗਲ ਲੱਗ ਰੋਈ

ਠੰਢੀ ਪੌਣ ਨੇ ਇਕ ਦਿਨ ਸਾਰੇ ਸ਼ਹਿਰ 'ਚ ਆਖ ਸੁਣਾਇਆ
ਜਦ ਵੀ ਲਿਖਦੀ ਦਿਉਲ ਹਮੇਸ਼ਾ ਲਿਖਦੀ ਨਜ਼ਮ ਨਰੋਈ

ਭਾਫ਼ ਨਹੀਂ ਮੈਨੂੰ ਤਾਂ ਪਾਣੀ ਹੋਣਾ ਚੰਗਾ ਲਗਦਾ
ਜਾਵੇ ਭਾਫ਼ ਉਤਾਹਾਂ ਪਾਣੀ ਨੀਵਾਂ ਹੋ ਕੇ ਵਗਦਾ

ਸੁੰਨੇ ਰਾਹ ਵਿਚ ਐਵੇਂ ਨਹੀਓਂ ਜਗਮਗ ਜਗਮਗ ਹੋਈ
ਪੈਂਦਾ ਹੈ ਲਿਸ਼ਕਾਰਾ ਦੂਰੋਂ ਇਕ ਮੁੰਦਰੀ ਦੇ ਨਗ ਦਾ

ਜੀ ਕਰਦਾ ਹੁਣ ਡੀਕ ਲਵਾਂ ਮੈਂ ਧਰਤੀ ਦਾ ਕੁਲ ਪਾਣੀ
ਮੈਥੋਂ ਸਾਂਭ ਨਾ ਹੋਵੇ ਧੂੰਆਂ ਦਿਲ ਨੂੰ ਲੱਗੀ ਅੱਗ ਦਾ

ਚੋਰ ਜਿਹਾ ਇਹ ਕੌਣ ਹੈ ਜਿਹੜਾ ਲੁਕਿਆ ਕਾਇਆਂ ਅੰਦਰ
ਰਾਤਾਂ ਦੀ ਜੋ ਨੀਂਦ ਚੁਰਾਉਂਦਾ ਨਾਲ਼ੇ ਦਿਲ ਨੂੰ ਠਗਦਾ

ਗੂੜ੍ਹੀ ਨੀਂਦ ਤਿਆਗੋ ਲੋਕੋ, ਮੁੜ ਕੇ ਸੌਂ ਨਾ ਜਾਇਓ
ਨ੍ਹੇਰੀ ਦੇਖ ਰਹੀ ਹੈ ਕਿਹੜੇ ਘਰ ਵਿਚ ਦੀਵਾ ਜਗਦਾ

ਜਿਸ ਦੇ ਅੰਬਰ ਵਿੱਚੋਂ ਮੈਂ ਹਾਂ ਟੁੱਟ ਚੁੱਕਾ ਇਕ ਤਾਰਾ
ਉਹ ਤਾਂ ਮੇਰੇ ਮੱਥੇ ਦੇ ਵਿਚ ਬਣ ਕੇ ਸੂਰਜ ਦਗਦਾ

ਜੇਸ ਦਿਨ ਤੋਂ ਨਾਂ ਉਹਦਾ ਭਗਵਾਨ ਹੋਇਆ
ਹਰ ਕਿਸੇ ਨੇ ਓਸ ਨੂੰ ਦੁੱਧ ਨਾਲ ਧੋਇਆ

ਇਕ ਮੁਕੰਮਲ ਥਾਂ ਸੀ ਤੇਰੀ ਅਰਸ਼ ਅੰਦਰ
ਤਾਰਿਆ ਤੂੰ ਧਰਤ ਖ਼ਾਤਰ ਕਿਉਂ ਸੀ ਮੋਇਆ

ਜਿਸ ਨੂੰ ਅੱਖਾਂ ਵਿੱਚ ਵਸਾ ਕੇ ਰੱਖਿਆ ਤੂੰ
ਉਸ ਨੇ ਤੇਰੇ ਵਾਸਤੇ ਦਰ ਦਿਲ ਦਾ ਢੋਇਆ

ਓਸ 'ਚੋਂ ਸਭ ਝੂਠ ਹੋ ਜਾਣੇ ਨੇ ਮਨਫ਼ੀ
ਜਦ ਹਨੇਰਾ ਰੌਸ਼ਨੀ ਸਾਹਵੇਂ ਖਲੋਇਆ

ਅੱਥਰੂ ਧਰਤੀ ਨੂੰ ਸਿੱਲ੍ਹੀ ਕਰ ਗਏ ਸਨ
ਨਾਮ ਪਰ ਬਦਨਾਮ ਸੀ ਕਣੀਆਂ ਦਾ ਹੋਇਆ

ਪਾਗ਼ਲ ਹੋਈ ਪੀੜ ਪੁਛੇਂਦੀ ਤੇਰੇ ਘਰ ਦਾ ਬਾਰ ਹੈ ਕਿੱਥੇ
ਤੂੰ ਵਿੱਛੜੀ ਹੈਂ ਜਿਸ ਦੇ ਨਾਲੋਂ ਉਹ ਕੂੰਜਾਂ ਦੀ ਡਾਰ ਹੈ ਕਿੱਥੇ

ਜਦ ਬਾਗ਼ਾਂ ਦੇ ਅੰਦਰ ਜਾਵਾਂ ਬਾਗ਼ ਹਮੇਸ਼ਾਂ ਪੁੱਛਦੇ ਨੇ ਇਹ
ਜਿਸ ਦੀ ਖ਼ਾਤਰ ਫੁਲ ਤੋੜੇ ਸਨ ਉਹ ਫੁੱਲਾਂ ਦਾ ਹਾਰ ਹੈ ਕਿੱਥੇ

ਰੋਜ਼ ਮੁਹੱਬਤ ਬਉਰੀ ਹੋ ਕੇ ਪੁੱਛਦੀ ਰਹਿੰਦੀ ਮੇਰੇ ਕੋਲ਼ੋਂ
ਜੋ ਸੀ ਤੇਰੇ ਦਿਲ ਵਿਚ ਵੱਸਦਾ ਉਹ ਤੇਰਾ ਦਿਲਦਾਰ ਹੈ ਕਿੱਥੇ

ਢੋਲ ਢਮੱਕੇ ਸ਼ੋਰ ਮਚਾਉਂਦੇ ਸੁਰ ਦੀ ਨਹੀਉਂ ਸਾਰ ਕੋਈ ਵੀ
ਸਿੰਗਰ ਬਣ ਕੇ ਫਿਰਦੇ ਯਮ੍ਹਲ਼ੇ ਪਰ ਉਹ ਤੂੰਬਾ ਤਾਰ ਹੈ ਕਿੱਥੇ

ਘਰ ਤੋਂ ਗਈਆਂ ਚੜ੍ਹਨਾ ਖਾਰੇ, ਪਰ ਉਹ ਮੁੜੀਆਂ ਵਿਲਕਦੀਆਂ ਹੀ
ਪਾ ਕੇ ਝਾਂਜਰ ਪੈਲਾਂ ਪਾਵੇ ਹੁਣ ਉਹ ਸੋਹਣੀ ਨਾਰ ਹੈ ਕਿੱਥੇ

ਪੌਣਾਂ ਦੇ ਵਿਚ ਲੁੱਡੀਆਂ ਪਾਉਂਦਾ ਪੱਤਿਆਂ ਨੇ ਜੋ ਢਕਿਆ ਪੂਰਾ
ਟਾਹਣਾ ਹੈ ਜੋ ਹਰਿਆ ਭਰਿਆ ਜੜ੍ਹ ਦੀ ਰੱਖਦਾ ਸਾਰ ਹੈ ਕਿੱਥੇ

ਮੁੱਦਤ ਬਾਅਦ ਸੁਨੇਹੇ ਰੁੱਖ ਨੇ ਪੌਣਾਂ ਦੇ ਹੱਥ ਘੱਲੇ ਨੇ
ਤਾਂਹੀਓਂ ਪੰਛੀ ਸ਼ਹਿਰੋਂ ਉੱਡ ਕੇ ਜੰਗਲ ਦੇ ਵੱਲ ਚੱਲੇ ਨੇ

ਦੂਰ ਦੁਰੇਡੇ ਕੋਈ  ਫਿਰਦਾ ਇਸ ਗੱਲੋਂ ਅਣਜਾਣ ਜਿਹਾ
ਕਿਉਂ ਮੇਰੇ ਨੈਣਾਂ ਦੇ ਕੋਏ ਅੱਥਰੂਆਂ ਨੇ ਮੱਲੇ ਨੇ

ਗੋਲੇ, ਚੀਨੇ, ਲੋਟਨ ਸਾਰੇ ਦੂਰ ਕਬੂਤਰ ਉੱਡ ਗਏ
ਖ਼ਾਲੀ ਦੇਖ ਬਨੇਰੇ ਸਾਡੇ, ਕਾਵਾਂ ਨੇ ਆ ਮੱਲੇ ਨੇ

ਆਪਾਂ ਅਪਣੀ ਪ੍ਰੇਮ ਕਹਾਣੀ ਲਿਖ ਕੇ ਭਾਵੇਂ ਭੁੱਲ ਗਏ
ਫੇਰ ਦੁਬਾਰਾ ਖ਼ਾਬ ਮੇਰੇ ਨੇ ਉਸ ਦੇ ਵਰਕ ਉਥੱਲੇ ਨੇ

ਬਾਗ਼ ਦਿਆਂ ਫੁੱਲਾਂ ਨੇ ਜਦ ਸੀ ਮੇਰੇ ਤੋਂ ਮੁਖ ਮੋੜ ਲਿਆ
ਫਿਰ  ਮੈਨੂੰ ਖ਼ੁਸ਼ਬੋਈ ਦਿੱਤੀ ਥਲ ਦੇ ਫੁੱਲ ਇਕੱਲੇ ਨੇ

ਖ਼ੁਸ਼ੀਆਂ ਖ਼ਾਤਰ ਸਾਡੇ ਦਰ 'ਤੇ ਸਾਡਾ ਮਹਿਰਮ ਆਇਆ ਹੈ
ਕਿੱਥੋਂ ਉਸ ਨੂੰ ਖ਼ੁਸ਼ੀਆਂ ਦੇਈਏ, ਗ਼ਮ ਹੀ ਸਾਡੇ ਪੱਲੇ ਨੇ

■

ਮਨ ਵਿੱਚੋਂ ਜਦ ਸੁੱਚੇ ਨਗ਼ਮੇ ਫੁੱਟਣਗੇ
ਫਿਰ ਹੀ ਸਾਡੇ ਸਾਰੇ ਸੰਸੇ ਟੁੱਟਣਗੇ

ਮਿੱਟੀ ਦੇ ਵਾਰਸ ਜੇ ਅੱਜ ਵੀ ਜਾਗੇ ਨਾ
ਮਾਲ ਖ਼ਜ਼ਾਨੇ ਜਾਬਰ ਆ ਕੇ ਲੁੱਟਣਗੇ

ਜੇਕਰ ਮੇਰੀਆਂ ਗ਼ਜ਼ਲਾਂ ਨੂੰ ਆਵਾਜ਼ ਮਿਲੀ
ਸਿਫ਼ਤਾਂ ਦੀ ਥਾਂ ਬਹੁਤੇ ਚਿੱਕੜ ਸੁੱਟਣਗੇ

ਬਚ ਬਚ ਕੇ ਤੂੰ ਅਪਣੇ ਪੈਰ ਟਿਕਾਇਆ ਕਰ
ਦੁਸ਼ਮਣ ਕੀ ਅਪਣੇ ਵੀ ਟੋਏ ਪੁੱਟਣਗੇ

ਖੰਭ ਖ਼ਿਆਲਾਂ ਨੂੰ ਲੱਗਣਗੇ ਤੇਰੇ ਜਦ
ਆਣ ਸ਼ਿਕਾਰੀ ਤੇਰੀ ਸੰਘੀ ਘੁੱਟਣਗੇ

ਰੁੰਡ-ਮਰੁੰਡੇ ਬਿਰਖ਼ ਦੁਬਾਰਾ ਮੌਲ਼ੇ ਨੇ
ਆਣ ਹਵਾਵਾਂ ਨੇ ਹੁਣ ਤਾਂਹੀਉਂ ਗੌਲ਼ੇ ਨੇ

ਤੇਰੇ ਬਾਝੋਂ ਛੱਤਾਂ ਵੀ ਨੇ ਵਿਲਕਦੀਆਂ
ਹਉਕੇ ਲੈਂਦੇ ਘਰ ਦੇ ਚਾਰੇ ਕੌਲ਼ੇ ਨੇ

ਪੈਸੇ ਖ਼ਾਤਰ ਜਿਹੜਾ ਦਿਲ ਤੋਂ ਦੂਰ ਗਿਆ
ਦਿਲ ਪਾਗ਼ਲ ਨੂੰ ਪੈਂਦੇ ਉਸ ਦੇ ਝੌਲ਼ੇ ਨੇ

ਨਾਲ਼ ਖੜ੍ਹਨ ਦੇ ਨਿੱਤ ਜੋ ਕਰਦੇ ਦਾਅਵੇ ਸਨ
ਦਿਲ ਦੇ ਮਾੜੇ ਸੱਜਣ ਮੂੰਹ ਦੇ ਹੌਲ਼ੇ ਨੇ

ਆਪਾਂ ਏਥੋਂ ਚੱਲੀਏ ਹੁਣ ਤਾਂ ਏਥੇ ਵੀ
ਹਰ ਇਕ ਛੋਟੀ ਗੱਲ ਦੇ ਵੱਡੇ ਰੌਲ਼ੇ ਨੇ

ਸਿਰ ਦੇ ਅੰਦਰ ਅਕਲ ਵਸੇਬਾ ਨਾ ਕਰਿਆ
ਭਾਵੇਂ ਸਿਰ ਦੇ ਉੱਤੇ ਆ ਗਏ ਧੌਲ਼ੇ ਨੇ

ਚਲੀ ਆਵਾਂਗੀ ਤੇਰੇ ਕੋਲ਼ ਮੇਰੇ ਮਹਿਰਮਾ ਵੇ
ਕਿਤੇ ਐਵੇਂ ਨਾ ਜਾਵੀਂ ਡੋਲ ਮੇਰੇ ਮਹਿਰਮਾ ਵੇ

ਲਿਖੇ ਇਤਿਹਾਸ ਦੇ ਉੱਤੇ ਅਗਰ ਸੰਵਾਦ ਕਰਨਾ
ਤਾਂ ਸਿਆਹੀ ਨਾ ਇਹਦੇ 'ਤੇ ਡੋਲ੍ਹ ਮੇਰੇ ਮਹਿਰਮਾ ਵੇ

ਅਸੀਂ ਗ਼ੈਰਾਂ ਦੀ ਥਾਂ ਲੁੱਟੇ ਗਏ ਹਾਂ ਅਪਣਿਆਂ ਤੋਂ
ਅਸੀਂ ਸਭ ਪਾਜ ਦੇਣੇ ਖੋਲ੍ਹ ਮੇਰੇ ਮਹਿਰਮਾ ਵੇ

ਖੜ੍ਹੇ ਹੋਣਾ ਪਵੇਗਾ ਜ਼ਾਲਮਾਂ ਅੱਗੇ ਤਾਂ ਤੈਨੂੰ
ਨਹੀਂ ਸਰਨਾ ਹੈ ਬਣ ਕੇ ਸੋਹਲ ਮੇਰੇ ਮਹਿਰਮਾ ਵੇ

ਅਸੀਂ ਉਹਨਾਂ ਦੀਆਂ ਜੀਭਾਂ ਨੂੰ ਲਾ ਦੇਣੇ ਨੇ ਤਾਲੇ
ਜਿਹੜੇ ਕਰਦੇ ਨੇ ਬੋਲ-ਕੁਬੋਲ ਮੇਰੇ ਮਹਿਰਮਾ ਵੇ

ਤੇਰੇ ਅੰਬਰ 'ਚ ਭਰਨੀ ਹੈ ਉਡਾਰੀ ਦੂਰ ਤੀਕਰ
ਰਹੀ ਮੈਂ ਖੰਭ ਅਪਣੇ ਤੋਲ ਮੇਰੇ ਮਹਿਰਮਾ ਵੇ

ਕਿਸੇ ਨੂੰ ਆਪਣੇ ਸਾਹਾਂ ਤੋਂ ਪਿਆਰਾ ਕਰ ਲਿਆ ਏ
ਮੈਂ ਦੁਨੀਆਂ ਦੇ ਝਮੇਲੇ ਤੋਂ ਕਿਨਾਰਾ ਕਰ ਲਿਆ ਏ

ਕਦੇ ਖ਼ੈਰਾਤ ਨਾ ਮੰਗੀ ਸੀ ਉਸ ਦੇ ਵਸਲ ਦੀ ਮੈਂ
ਉਹਦੇ ਬਾਝੋਂ ਜਿਵੇਂ ਹੋਇਆ ਗੁਜ਼ਾਰਾ ਕਰ ਲਿਆ ਏ

ਬਥੇਰੇ ਲੋਕ ਨੇ ਨਾਕਾਮੀਆਂ ਦੀ ਮਾਰ ਸਹਿੰਦੇ
ਮੈਂ ਏਹੋ ਮੰਨ ਕੇ ਖ਼ੁਦ ਨੂੰ ਬੇਚਾਰਾ ਕਰ ਲਿਆ ਏ

ਸਹਾਰਾ ਹੀ ਜਦੋਂ ਤੋਂ ਹੈ ਕਿਨਾਰਾ ਕਰਨ ਲੱਗਾ
ਉਦੋਂ ਤੋਂ ਮੈਂ ਸਹਾਰੇ ਤੋਂ ਕਿਨਾਰਾ ਕਰ ਲਿਆ ਏ

ਤੇਰੀ ਤਸਵੀਰ ਮਨ ਅੰਦਰ ਵਸਾ ਕੇ ਮਹਿਰਮਾ ਹੁਣ
ਛੁਪਾ ਕੇ ਜੱਗ ਤੋਂ ਮੈਂ ਤੇਰਾ ਨਜ਼ਾਰਾ ਕਰ ਲਿਆ ਏ

ਬੁਰੇ ਹਾਲਾਤ ਨੇ ਤਾਂ ਚਲ ਬੁਰੀ ਕੀਤੀ ਸੀ ਭਾਵੇਂ
ਬੁਲੰਦੀ ਤੇ ਮੈਂ ਖ਼ੁਦ ਅਪਣਾ ਸਿਤਾਰਾ ਕਰ ਲਿਆ ਏ

ਮੇਰੇ ਅੰਦਰ ਮੁਹੱਬਤ ਦੀ ਚਿੰਗਾਰੀ ਬਾਲ਼ ਦਿੰਦਾ ਹੈ
ਜੇ ਪੁੱਛਾਂ ਰਾਜ਼ ਅੰਦਰਲਾ ਤਾਂ ਹੱਸ ਕੇ ਟਾਲ਼ ਦਿੰਦਾ ਹੈ

ਗਿਲੇ ਮਿਟ ਜਾਣ ਸਾਰੇ ਬਹੁਤ ਕੋਸ਼ਿਸ਼ ਉਹ ਕਰੇ ਪਹਿਲਾਂ
ਬਣੇ ਨਾ ਗੱਲ ਜੇ ਤਾਂ ਛੱਡ ਓਸੇ ਹਾਲ ਦਿੰਦਾ ਹੈ

ਪਤਾ ਨਈਂ ਬੇਰਹਿਮ ਹੈ ਜਾਂ ਹੈ ਫਿਰ ਨਾਦਾਨ ਹੀ ਮਹਿਰਮ
ਮੁਹੱਬਤ ਦੇਣ ਲੱਗਾ ਅੱਥਰੂ ਵੀ ਨਾਲ਼ ਦਿੰਦਾ ਹੈ

ਹਨੇਰੇ ਨਾਲ ਰਹਿੰਦਾ ਮਾਰਦਾ ਉਹ ਕਿੰਨੀਆਂ ਟੱਕਰਾਂ
ਕਿ ਚਾਨਣ ਲੱਭਦਿਆਂ ਜੁਗਨੂੰ ਤਾਂ ਉਮਰਾਂ ਗਾਲ਼ ਦਿੰਦਾ ਹੈ

ਉਹ ਲਾਸ਼ਾਂ ਤਾਜ਼ੀਆਂ ਨਿੱਤ ਭੇਟ ਕਰਦਾ ਹੈ ਸਮੁੰਦਰ ਨੂੰ
ਅਤੇ ਤੋਹਫ਼ੇ ਵਜੋਂ ਉਹ ਮਛਲੀਆਂ ਨੂੰ ਜਾਲ਼ ਦਿੰਦਾ ਹੈ

■

ਸਿਖ਼ਰ ਦੁਪਹਿਰੇ ਸੂਰਜ ਠਰਿਆ ਮੇਰੇ ਮੌਲਾ ਖ਼ੈਰ ਕਰੀਂ
ਚਾਨਣ ਨੇ ਇਕ ਹਉਕਾ ਭਰਿਆ ਮੇਰੇ ਮੌਲਾ ਖ਼ੈਰ ਕਰੀਂ

ਉੱਡਿਆ ਫਿਰਦਾ ਰਾਤਾਂ ਨੂੰ ਨਾ ਖਾਂਦਾ ਖ਼ੌਫ਼ ਹਨੇਰੇ ਦਾ
ਦਿਨ ਨੂੰ ਦੇਖ ਟਟਹਿਣਾ ਡਰਿਆ ਮੇਰੇ ਮੌਲਾ ਖ਼ੈਰ ਕਰੀਂ

ਇਕ ਤਾਂ ਪਹਿਲਾਂ ਹੀ ਉਸ ਦੀ ਸੀ ਕਰਜ਼ੇ ਨੇ ਮਤ ਮਾਰ ਲਈ
ਉੱਤੋਂ ਧੀ ਦਾ ਸਾਹਾ ਧਰਿਆ ਮੇਰੇ ਮੌਲਾ ਖ਼ੈਰ ਕਰੀਂ

ਜਿਹੜਾ ਬੰਦਾ ਕੱਲ੍ਹ ਤੀਕਰ ਮੁਸਕਾਉਂਦਾ ਰਹਿੰਦਾ ਸੀ ਅਕਸਰ
ਉਸ ਦੇ ਅੱਖੀਂ ਪਾਣੀ ਭਰਿਆ ਮੇਰੇ ਮੌਲਾ ਖ਼ੈਰ ਕਰੀਂ

ਪੱਕੇ ਦੀ ਥਾਂ ਕੱਚਾ ਰੱਖਿਆ ਇਹ ਤਾਂ ਸੋਹਣੀ ਜਾਣ ਗਈ
ਇਸ਼ਕ ਕਦੋਂ ਹੈ ਮੌਤੋਂ ਡਰਿਆ ਮੇਰੇ ਮੌਲਾ ਖ਼ੈਰ ਕਰੀਂ

ਐਵੇਂ ਹੀ ਅਣਭੋਲ ਪੁਣੇ ਵਿਚ ਉਸ ਨੂੰ ਝਿੜਕਾਂ ਦੇ ਬੈਠੇ
ਉਸ ਦੇ ਬਿਨ ਨਾ ਸਾਡਾ ਸਰਿਆ ਮੇਰੇ ਮੌਲਾ ਖ਼ੈਰ ਕਰੀਂ

■

ਹਵਾ ਦੀ ਬੇਰੁਖ਼ੀ ਹੀ ਕਰ ਗਈ ਰੁੱਖ ਨਾਲ ਛਲ ਕਿੱਦਾਂ
ਭਲਾ ਹੁਣ ਜ਼ਿੰਦਗੀ ਦਾ ਜ਼ਿੰਦਗੀ ਲੱਭੇ ਬਦਲ ਕਿੱਦਾਂ

ਸਫ਼ਲਤਾ ਦੂਸਰੇ ਦੀ ਦੇਖ ਕੇ ਖ਼ੁਸ਼ ਹੋ ਲਿਆ ਕਰ ਤੂੰ
ਦੁਖੀ ਹੋ ਕੇ ਨਾ ਐਵੇਂ ਸੋਚ ਉਹ ਹੋਇਆ ਸਫ਼ਲ ਕਿੱਦਾਂ

ਕਿਵੇਂ ਕਰਨਾ ਹੈ ਕਾਬੂ ਗੁੰਝਲਾਂ ਨੂੰ ਜਾਣਦੀ ਹਾਂ ਮੈਂ
ਲਵੇਗਾ ਹੁਣ ਉਹ ਕਨਸੋਆਂ ਕਿ ਮੈਂ ਏਨੀ ਕੁਸ਼ਲ ਕਿੱਦਾਂ

ਮਿਟਾਉਂਦਾ ਕਿਉਂ ਨਹੀਂ ਤੂੰ ਦਿਉਲ ਇਹ ਜੋ ਵਿਚਲੀਆਂ ਵਿੱਥਾਂ
ਭੁਲਾ ਸਕਦੈਂ ਤੂੰ ਮੇਰੇ ਨਾਲ ਇਹ ਧੁਰ ਦਾ ਵਸਲ ਕਿੱਦਾਂ

ਸੂਈ ਦੀ ਨੋਕ 'ਚੋਂ ਜਿਸ ਨੇ ਲੰਘਾਈ ਜ਼ਿੰਦਗੀ ਅਪਣੀ
ਜਰਾ ਜਿੰਨੀ ਕੁ ਗਰਮੀ ਨਾਲ ਉਹ ਜਾਂਦਾ ਪਿਘਲ ਕਿੱਦਾਂ

ਭਲਾ ਕਿਸ ਨੇ ਹਵਾ ਵਿਚ ਇਸ ਤਰ੍ਹਾਂ ਹਲਚਲ ਮਚਾਈ ਹੈ
ਕਿ ਨੌਬਤ ਫੇਰ ਕੱਚੀਆਂ ਕੂੰਬਲਾਂ ਟੁੱਟਣ ਦੀ ਆਈ ਹੈ

ਮੇਰੇ ਮਹਿਰਮ ਤੇਰੇ ਬਿਨ ਲੰਘਿਆ ਸੁੱਕਾ ਮੇਰਾ ਸਾਵਣ
ਚੜ੍ਹੇ ਬੱਦਲ਼ਾਂ ਨੇ ਹਰ ਵਾਰੀ ਹੀ ਮੇਰੀ ਰੂਹ ਰੁਆਈ ਹੈ

ਉਹ ਆਖ਼ਰ ਜਾਣ ਚੁੱਕੀ ਹੈ ਕਿ ਇਹ ਪਰ ਨੋਚ ਲੈਂਦੇ ਨੇ
ਇਨ੍ਹਾਂ ਕਾਵਾਂ ਨੇ ਭੋਲ਼ੀ ਕੂੰਜ ਹੁਣ ਕਿੰਨੀ ਡਰਾਈ ਹੈ

ਉਹ ਕਹਿੰਦੇ ਸਿਰ ’ਤੋਂ ਸਾਡੇ ਭਾਰ ਸਾਰਾ ਲਹਿ ਗਿਆ ਜੀਕਣ
ਜਦੋਂ ਕਿ ਮਾਪਿਆਂ ਦੀ ਲਾਡਲੀ ਹੋਈ ਪਰਾਈ ਹੈ

ਤਰੇੜਾਂ ਰਿਸ਼ਤਿਆਂ ਵਿਚ ਆਮ ਹੀ ਪੈ ਜਾਣ ਅੱਜਕਲ੍ਹ ਤਾਂ
ਉਨ੍ਹਾਂ ’ਤੇ ਮਾਣ ਹੈ ਜਿਹਨਾਂ ਨੇ ਆਪਸ ਵਿਚ ਨਿਭਾਈ ਹੈ

ਕੋਈ ਬਿਰਹਣ ਕਿਤੇ ਨੈਣਾਂ ਦੇ ਖੂਹ ਨੂੰ ਗੇੜਦੀ ਹੈ
ਸਫ਼ਰ 'ਤੇ ਜਾਣ ਲੱਗਦਾ ਹਾਂ ਤਾਂ ਸਿਸਕੀ ਘੇਰਦੀ ਹੈ

ਭਰੋਸਾ ਚੰਦ ਨੇ ਹੈ ਤੋੜਿਆ ਜਿੱਦਣ ਤੋਂ ਉਸ ਦਾ
ਉਹ ਕਮਲ਼ੀ ਚਾਨਣੀ ਦੇ ਮੂੰਹ 'ਤੇ ਬੂਹਾ ਭੇੜਦੀ ਹੈ

ਖਰੇ ਕਿਹੜੀ ਦਸ਼ਾ 'ਚੋਂ ਲੰਘ ਚੁੱਕੀ ਸੀ ਉਹ ਮਿੱਟੀ
ਜੋ ਬਣ ਕੇ ਬੁੱਤ ਵੀ ਨੈਣਾਂ 'ਚੋਂ ਹੰਝੂ ਕੇਰਦੀ ਹੈ

ਕਿਸੇ ਦੀ ਚੁੱਕ 'ਚ ਆ ਕੇ ਖਿੱਚੀਆਂ ਹੀ ਏਨੀਆਂ ਸੀ
ਉਹ ਰਿਸ਼ਤੇ ਵਿਚਲੀਆਂ ਲੀਕਾਂ ਯੁਗਾਂ ਤੋਂ ਮੇਟਦੀ ਹੈ

ਕਲੀ ਤੋਂ ਫੁੱਲ ਹੋਈ ਹੈ ਜਦੋਂ ਤੋਂ ਉਹ ਅਭਾਗਣ
ਉਦੋਂ ਤੋਂ ਹਿਜਰ ਦੀ ਹੀ ਸੇਜ ਉੱਤੇ ਲੇਟਦੀ ਹੈ

ਉਦੋਂ ਸੈਲਾਬ ਝੱਖੜ ਜ਼ਲਜ਼ਲੇ ਧਰਤੀ 'ਤੇ ਆਉਂਦੇ
ਕਿਤੇ ਕੁਦਰਤ ਖ਼ਫਾ ਹੋ ਕੇ ਜਦੋਂ ਮੂੰਹ ਫੇਰਦੀ ਹੈ

ਚੁਫੇਰੇ ਰਾਜਨੀਤੀ ਦੀ ਹੀ ਰਹਿੰਦੀ ਅੱਗ ਬਲ਼ਦੀ ਹੈ
ਕਿ ਹੁਣ ਤਾਂ ਆਪ ਕੁੱਤੀ ਜਾ ਕੇ ਚੋਰਾਂ ਨਾਲ ਰਲ਼ਦੀ ਹੈ

ਕਿਸੇ ਵੀ ਘਰ ਦੇ ਬੂਹੇ ਬਾਰੀਆਂ ਵਿਚ ਵਰਤ ਨਾ ਹੋਈ
ਉਹ ਲੱਕੜ ਹਾਰ ਕੇ ਦੇਖੋ ਸਿਵੇ ਦੀ ਅੱਗ ’ਚ ਬਲ਼ਦੀ ਹੈ

ਉਹਦੀ ਮਹਿੰਦੀ ਚੁਰਾ ਕੇ ਲੈ ਗਿਆ ਪਰਦੇਸ ਨੂੰ ਕੋਈ
ਉਹ ਪਿੱਛੋਂ ਚੰਦ ਦੀ ਹੀ ਚਾਨਣੀ ਹੱਥਾਂ ’ਤੇ ਮਲ਼ਦੀ ਹੈ

ਚਲੋ ਉੱਠੋ ਕਰੋ ਕੋਸ਼ਿਸ਼ ਕਿ ਆਪਾਂ ਬਦਲੀਏ ਕਿਸਮਤ
ਤੁਹਾਨੂੰ ਵਹਿਮ ਹੈ ਐਵੇਂ ਕਦੇ ਹੋਣੀ ਨਾ ਟਲ਼ਦੀ ਹੈ

ਮੇਰੇ ਵਿਹੜੇ ’ਚ ਧੁੱਪਾਂ ਜ਼ਿਕਰ ਤੇਰਾ ਕਰਦੀਆਂ ਅਕਸਰ
ਤੇਰੇ ਹੀ ਫ਼ਿਕਰ ਵਿੱਚ ਮੇਰੀ ਹਮੇਸ਼ਾਂ ਸ਼ਾਮ ਢਲ਼ਦੀ ਹੈ

ਗ਼ਜ਼ਲਾਂ ਦੇ ਵਿਚ ਰੰਗ ਨਾ ਭਰਿਆ ਸ਼ਬਦਾਂ ਨੂੰ ਉਲਟਾ ਕੇ
ਦੇਖ ਲਿਆ ਹੈ ਉਸ ਨੇ ਅੱਡੀਆਂ ਤੀਕਰ ਜ਼ੋਰ ਲਗਾ ਕੇ

ਸੀਨੇ ਅੰਦਰ ਸੜਦਾ ਜੰਗਲ ਉਸ ਨੂੰ ਨਿੱਘ ਨਾ ਦਿੰਦਾ
ਉਹ ਚੁੱਲ੍ਹੇ ਦੇ ਮੂਹਰੇ ਬੈਠੀ ਰਹਿੰਦੀ ਪੀਹੜੀ ਡਾਹ ਕੇ

ਪੰਛੀ ਉੱਡਦੇ ਚਾਈਂ ਚਾਈਂ ਅਰਸ਼ਾਂ ਦੇ ਵਿਚ ਉੱਚੇ
ਵੱਜੇ ਤੀਰ ਸ਼ਿਕਾਰੀ ਦਾ ਜਦ ਧਰਤ 'ਤੇ ਡਿੱਗਣ ਆ ਕੇ

ਮੌਸਮ ਵਾਂਗਰ ਬਦਲ ਗਿਆ ਸੀ ਉਸ ਦਾ ਯਾਰ ਅਵੱਲਾ
ਦੇਖ ਲਿਆ ਸਾਹਾਂ ਦੇ ਵਾਂਗਰ ਉਸ ਨੇ ਜਿਸ ਨੂੰ ਚਾਹ ਕੇ

ਆਲ੍ਹਣਿਆਂ ਦੀ ਕੋਸ਼ਿਸ਼ ਕਰਦਾ ਪੰਛੀ ਜਿਸ ਦੇ ਉੱਪਰ
ਓਹੀ ਰੁੱਖ ਫਿਰ ਰੱਖ ਦਿੰਦਾ ਹੈ ਆਲ੍ਹਣਿਆਂ ਨੂੰ ਢਾਹ ਕੇ

ਤਪਸ਼ ਹਿਜਰਾਂ ਦੀ ਹੰਢਾਉਂਦਾ ਉਹ ਰਿਹਾ ਸੀ ਉਮਰ ਭਰ
ਖ਼ਾਬ ਸੁੱਤੇ ਨੂੰ ਜਗਾਉਂਦਾ ਉਹ ਰਿਹਾ ਸੀ ਉਮਰ ਭਰ

ਝੱਖੜਾਂ ਨੇ ਓਸ ਦਾ ਜਦ ਆਲ੍ਹਣਾ ਸੀ ਤੋੜਿਆ
ਬੋਟ ਖੰਭਾਂ ਵਿਚ ਛੁਪਾਉਂਦਾ ਉਹ ਰਿਹਾ ਸੀ ਉਮਰ ਭਰ

ਯਾਰ ਬਾਝੋਂ ਓਸ ਨੂੰ ਨੀਂਦਰ ਨਾ ਆਈ ਸੀ ਮਗਰ
ਲਾਰਿਆਂ ਨੂੰ ਹੀ ਸੁਆਉਂਦਾ ਉਹ ਰਿਹਾ ਸੀ ਉਮਰ ਭਰ

ਰੱਬ ਜਾਣੇ ਕਿੰਝ ਬੀਤੇਗੀ ਹਯਾਤੀ ਉਸ ਬਿਨਾਂ
ਯਾਰ ਦੇ ਸੋਹਿਲੇ ਹੀ ਗਾਉਂਦਾ ਉਹ ਰਿਹਾ ਸੀ ਉਮਰ ਭਰ

ਇਸ਼ਕ ਦੀ ਉਹ ਅਗਨ ਤਾਂ ਵਧਦੀ ਗਈ ਵਧਦੀ ਗਈ
ਨਿੱਠ ਕੇ ਜਿਸ ਨੂੰ ਬੁਝਾਉਂਦਾ ਉਹ ਰਿਹਾ ਸੀ ਉਮਰ ਭਰ

■

ਉਹ ਸਾਨੂੰ ਕੰਢਿਆਂ ਤੇ ਛੱਡ ਕੇ ਖ਼ੁਦ ਪਾਰ ਹੋ ਗਏ
ਤੇ ਵਸਤਰ ਰਿਸ਼ਤਿਆਂ ਦੇ ਪਲ 'ਚ ਤਾਰੋ-ਤਾਰ ਹੋ ਗਏ

ਤਵੱਕੋਂ ਸੀ ਕਿ ਇਹ ਪਰਵਾਨ ਹੋ ਹੀ ਜਾਣਗੇ ਹੁਣ
ਇਹ ਰਿਸ਼ਤੇ ਫਿਰ ਉਨ੍ਹਾਂ ਵੱਲੋਂ ਕਿਵੇਂ ਨਾਕਾਰ ਹੋ ਗਏ

ਮੈਂ ਰਾਤੀਂ ਖ਼ਾਬ ਵਿਚ ਜੋ ਓਸ ਦੇ ਖ਼ਤ ਪਾੜ ਦਿੱਤੇ
ਸੁਬ੍ਹਾ ਡਿੱਠਾ ਕਿ ਉਹ ਜੁੜ ਕੇ ਸੀ ਫਿਰ ਸਾਕਾਰ ਹੋ ਗਏ

ਹਿਫ਼ਾਜ਼ਤ ਕਰਨਗੇ ਕੀ ਮੁਹਤਬਰ ਸਾਡੀ ਭਲਾ ਹੁਣ
ਜਿਨ੍ਹਾਂ ਵੱਲੋਂ ਸੀ ਝੱਟ ਇਕ ਦੂਸਰੇ 'ਤੇ ਵਾਰ ਹੋ ਗਏ

ਜੋ ਫਿਰਦਾ ਸੀ ਫ਼ਿਦਾ ਹੋਇਆ ਮੇਰੇ ਹਰ ਬੋਲ ਉੱਤੇ
ਉਹਦੇ ਸਾਰੇ ਹੀ ਰਿਸ਼ਤੇ ਓਸ ਉੱਤੇ ਭਾਰ ਹੋ ਗਏ

ਸਦਾ ਜੋ ਆਪਣੇ ਸਾਏ ਨੂੰ ਰਹਿੰਦਾ ਟਾਲ਼ਦਾ ਸੀ
ਥਕੇਵੇਂ ਨਾਲ਼ ਹੋਇਆ ਚੂਰ ਉਹ ਛਾਂ ਭਾਲ਼ਦਾ ਸੀ

ਭਰੇ ਹੋਏ ਘੜੇ ਵਿਚ ਓਸ ਦੀ ਕੀ ਚੀਜ਼ ਗੁੰਮੀ
ਪਤਾ ਨਹੀਂ ਕਿਉਂ ਉਹ ਅਕਸਰ ਨੀਰ ਨੂੰ ਖੰਘਾਲ਼ਦਾ ਸੀ

ਫ਼ਿਦਾ ਹੋਇਆ ਜੋ ਕਰਦਾ ਸੀ ਮੇਰੇ ਹਰ ਬੋਲ ਉੱਤੇ
ਉਹੀ ਮੇਰੇ ਖ਼ਤਾਂ ਨੂੰ ਆਪ ਫਿਰਦਾ ਬਾਲ਼ਦਾ ਸੀ

ਹਵਾ ’ਤੇ ਮੜ੍ਹ ਰਹੇ ਸੀ ਦੋਸ਼ ਐਵੇਂ ਬਿਰਖ ਸਾਰੇ
ਇਨ੍ਹਾਂ ਬਿਰਖਾਂ ਨੂੰ ਚੁੱਕਦਾ ਬਿਰਖ ਕੋਈ ਨਾਲ਼ ਦਾ ਸੀ

ਖ਼ਰੇ ਉਹ ਤੇਰੀਆਂ ਗੱਲਾਂ ਦੇ ਵਿਚ ਕਾਹਤੋਂ ਨਾ ਆਏ
ਜਿਨ੍ਹਾਂ ਦੇ ਕੋਲ਼ ਬਹਿ-ਬਹਿ ਕੇ ਤੂੰ ਦੀਦੇ ਗਾਲ਼ਦਾ ਸੀ

■

ਜ਼ਿੰਦਗੀ ਖ਼ੁਸ਼ਹਾਲ ਹੁਣ ਆਉਂਦੀ ਨਜ਼ਰ ਹੈ
ਤੇਰੀਆਂ ਸੱਚੀਆਂ ਦੁਆਵਾਂ ਦਾ ਅਸਰ ਹੈ

ਬੋਟ ਰੋ ਰੋ ਦੱਸਦੇ ਨੇ ਸਭ ਕਹਾਣੀ
ਨ੍ਹੇਰੀਆਂ ਨੇ ਕਹਿਰ ਕੀਤਾ ਇਸ ਕਦਰ ਹੈ

ਲੁੱਟ ਹੋਏ ਚਾਅ ਜੋ ਬੇਬਸ ਕੰਜਕਾਂ ਦੇ
ਰੱਬ ਦਾ ਭਾਣਾ ਕਿ ਬੰਦੇ ਦਾ ਜ਼ਬਰ ਹੈ

ਖ਼ੂਹ ਦੀ ਮਿੱਟੀ ਖ਼ੂਹ ਨੂੰ ਲੱਗੀ ਜਾ ਰਹੀ ਏ
ਹੋ ਗਿਆ ਔਖਾ ਸਮਾਂ ਕਰਨਾ ਬਸਰ ਹੈ

ਬਾਲ ਉਮਰੇ ਤੁਰ ਗਏ ਪਰਦੇਸ ਹਾਣੀ
ਮੁੜ ਨਾ ਆਏ ਆਪ, ਨਾ ਭੇਜੀ ਖ਼ਬਰ ਹੈ

ਫੇਰ ਅੰਗੜਾਈ ਲਈ ਹੈ ਜ਼ਿੰਦਗੀ ਨੇ
ਫੇਰ ਸੁੱਕੇ ਰੁੱਖ 'ਚੋਂ ਫੁੱਟੀ ਲਗਰ ਹੈ

ਕਿਵੇਂ ਨਿੱਕੀ ਜਿਹੀ ਗੱਲ ਨੂੰ ਤੁਸੀਂ ਏਨਾ ਵਧਾ ਬੈਠੇ
ਕਿ ਸਾਰੀ ਉਮਰ ਦਾ ਰਿਸ਼ਤਾ ਪਲਾਂ ਵਿਚ ਹੀ ਗੁਆ ਬੈਠੇ

ਅਸੀਂ ਸਾਂ ਸ਼ੇਰ ਜੰਗਲ਼ ਦੇ ਕਿਸੇ ਤੋਂ ਵੀ ਨਹੀਂ ਹਾਰੇ
ਮਹਿਜ਼ ਇਕ ਉਮਰ ਦੇ ਹੱਥੋਂ ਹੀ ਆਖ਼ਰ ਮਾਤ ਖਾ ਬੈਠੇ

ਜਦੋਂ ਉਹ ਪਿਘਲਿਆ ਸਾਰਾ ਤਾਂ ਮਨ ’ਚੋਂ ਉੱਠਿਆ ਹਉਕਾ
ਅਸੀਂ ਪੱਥਰ ਨੂੰ, ਦਿਲ ਦੀ ਵੇਦਨਾ ਕਾਹਤੋਂ ਸੁਣਾ ਬੈਠੇ

ਅਜੇ ਤਕ ਏਸ ਦੀ ਸਾਥੋਂ ਮਿਟੀ ਨਾ ਪਿਆਸ ਭੋਰਾ ਵੀ
ਅਸੀਂ ਤਾਂ ਆਪਣੇ ਥਲ ਨੂੰ ਸਮੁੰਦਰ ਵੀ ਪਿਲਾ ਬੈਠੇ

ਅਸਾਡੇ ਦਿਲ ਤੋਂ ਇਸ ਗੱਲ ਦਾ ਕਦੇ ਵੀ ਭਾਰ ਨਾ ਲੱਥਾ
ਕਿ ਝਿੜਕਾਂ ਮਾਰ ਕੇ ਇਕ ਖੇਡਦਾ ਬੱਚਾ ਰੁਆ ਬੈਠੇ

■

ਚੁਰਾਉਂਦਾ ਨੀਂਦ ਰਾਤਾਂ ਦੀ ਤੇ ਮੈਨੂੰ ਸੌਣ ਨਹੀਂ ਦਿੰਦਾ
ਇਹ ਬੰਧਨ ਹੈ ਕਿਹੋ ਜੇਹਾ ਜੋ ਨੇੜੇ ਆਉਣ ਨਹੀਂ ਦਿੰਦਾ

ਤਪਸ਼ ਦੇ ਨਾਲ਼ ਕਿੰਨੇ ਸੜ ਗਏ ਪਿੰਡੇ ਨੇ ਬਿਰਖਾਂ ਦੇ
ਇਹ ਬੇਈਮਾਨ ਹੈ ਮੌਸਮ ਜੋ ਠੰਢੀ ਪੌਣ ਨਹੀਂ ਦਿੰਦਾ

ਰਹੀ ਨਫ਼ਰਤ ਹਮੇਸ਼ਾਂ ਓਸ ਨੂੰ ਸੀ ਖ਼ੁਸ਼ਬੂਆਂ ਦੇ ਨਾਲ਼
ਤਦੇ ਵਿਹੜੇ 'ਚ ਆਪਣੇ ਫੁੱਲ ਮੈਨੂੰ ਲਾਉਣ ਨਹੀਂ ਦਿੰਦਾ

ਸੁਰਾਂ ਦੇ ਨਾਲ਼ ਮੇਰੀ ਸਾਂਝ ਦਾ ਉਸ ਨੂੰ ਪਤਾ ਤਾਂ ਹੈ
ਪਤਾ ਨਹੀਂ ਫਿਰ ਵੀ ਕਿਉਂ ਮੈਨੂੰ ਕਦੇ ਉਹ ਗਾਉਣ ਨਹੀਂ ਦਿੰਦਾ

ਇਹ ਲੋਕਾਂ ਦਾ ਭੁਲੇਖਾ ਹੈ ਕਿ ਦੁਨੀਆਂ ਬਦਲ ਚੁੱਕੀ ਹੈ
ਅਜੇ ਤੀਕਰ ਵੀ ਬਾਬਲ ਧੀ ਨੂੰ ਸੁਰਮਾ ਪਾਉਣ ਨਹੀਂ ਦਿੰਦਾ

■

ਮਾਂ ਪਿਉ ਨੇ ਸੀ ਜਿਸ ਬੂਟੇ ਤੋਂ ਛਾਂ ਦੀ ਕੀਤੀ ਆਸ ਕਦੇ
ਹੱਥੀਂ ਤੋਰ ਕੇ ਉਸ ਪੁੱਤਰ ਨੂੰ ਆਉਂਦਾ ਨਾ ਧਰਵਾਸ ਕਦੇ

ਕੌਣ ਚੁਰਾ ਕੇ ਲੈ ਜਾਂਦਾ ਹੈ ਸਾਰੀ ਖ਼ੁਸ਼ਬੋ ਫੁੱਲਾਂ ਦੀ
ਇਕ ਭੌਰੇ ਦੀ ਸ਼ਾਇਦ ਤਾਂ ਹੀ ਬੁਝਦੀ ਨਹੀਉਂ ਪਿਆਸ ਕਦੇ

ਕੁਤਰੇ ਖੰਭਾਂ ਵਾਲ਼ਾ ਪੰਛੀ ਸੋਚ ਰਿਹਾ ਹੈ ਧਰਤੀ ’ਤੇ
ਹਾਏ ਮੈਥੋਂ ਜਾ ਨਹੀਂ ਹੋਣਾ ਹੁਣ ਅੰਬਰ ਦੇ ਪਾਸ ਕਦੇ

ਪਰਦੇਸਾਂ ਵਿਚ ਬੈਠਾ ਬੰਦਾ ਰੱਬ ਤੋਂ ਇਹ ਕਿਉਂ ਮੰਗ ਰਿਹੈ
ਹੋਰ ਕਿਸੇ ਨੂੰ ਮੇਰੇ ਵਾਂਗਰ ਦੇਵੀਂ ਨਾ ਪਰਵਾਸ ਕਦੇ

ਫੁੱਲਾਂ ਦੀ ਥਾਂ ਖਾਰਾਂ ਦੀ ਉਹ ਨਿੱਤ ਹੀ ਵਿਥਿਆ ਲਿਖਦਾ ਹੈ
ਐਪਰ ਉਸ ਨੇ ਲਿਖਿਆ ਨਹੀਓਂ ਮਾਲੀ ਦਾ ਅਹਿਸਾਸ ਕਦੇ

ਪੀੜਾਂ 'ਚ ਪੀੜਦਾ ਰਹਿ, ਫ਼ਿਕਰਾਂ 'ਚ ਜਾਲ਼ਦਾ ਰਹਿ
ਫਿਰ ਵੀ ਕਦੇ ਕਦਾਈਂ ਹੱਸ ਕੇ ਦਿਖਾਲ਼ਦਾ ਰਹਿ

ਤੇਰੇ ਖ਼ਿਆਲ ਵਿੱਚ ਤਾਂ ਮੈਂ ਨਿੱਤ ਹੀ ਆ ਜਾਣਾ
ਚਾਹੇ ਤੂੰ ਗਲ਼ ਲਗਾ ਲੈ, ਚਾਹੇ ਤੂੰ ਟਾਲ਼ਦਾ ਰਹਿ

ਇਕ ਵਾਰ ਬਹਿ ਕੇ ਦੋਵੇਂ ਝੇੜਾ ਨਿਬੇੜ ਲਈਏ
ਦਰਦਾਂ ਨੂੰ ਦਿਲ 'ਚ 'ਕੱਲਾ ਤੂੰ ਨਾ ਸੰਭਾਲ਼ਦਾ ਰਹਿ

ਜੇਕਰ ਬੁਲੰਦੀਆਂ 'ਤੇ ਪਹੁੰਚਣ ਦੀ ਰੀਝ ਰੱਖਦੈਂ
ਤਾਂ ਫਿਰ ਇਹ ਕਾਮਨਾਵਾਂ ਮਸਤਕ 'ਚ ਪਾਲ਼ਦਾ ਰਹਿ

ਮੋਤੀ ਜੇ ਭਾਲਣੇ ਤਾਂ ਸਾਗਰ 'ਚ ਲਾ ਤੂੰ ਡੁਬਕੀ
ਮਨ ਕਮਲ਼ਿਆ ਨਾ ਐਵੇਂ ਟੋਭੇ ਖੰਘਾਲ਼ਦਾ ਰਹਿ

ਤੇਰੇ ਤਸੱਵਰਾਂ 'ਚੋਂ ਮੈਂ ਲੱਭ ਜਾਣਾ ਤੈਨੂੰ
ਖ਼ਾਬਾਂ ਗੁਆਚਿਆਂ 'ਚੋਂ ਮੈਨੂੰ ਤੂੰ ਭਾਲ਼ਦਾ ਰਹਿ

ਐਵੇਂ ਔੜ-ਪਤੌੜ ਦੀਆਂ ਹੀ ਬਾਤਾਂ ਪਾਉਂਦਾ ਰਹਿੰਦਾ
ਆਦਤ ਤੋਂ ਮਜਬੂਰ ਸਦਾ ਉਹ ਰੋਸੇ ਲਾਉਂਦਾ ਰਹਿੰਦਾ

ਰਾਤਾਂ ਨੂੰ ਜੋ ਮਹਿਲ ਬਣਾਉਂਦਾ ਆਪਣੇ ਸੁਫ਼ਨੇ ਅੰਦਰ
ਡਰਦਾ ਦੁਨੀਆਂ ਕੋਲ਼ੋਂ ਦਿਨ ਵੇਲੇ ਉਹ ਢਾਹੁੰਦਾ ਰਹਿੰਦਾ

ਉਹ ਸੱਜਣ ਕਦ ਮੁੜਨੇ ਜਿਹੜੇ ਦੂਰ ਗਏ ਇਕ ਵਾਰੀ
ਫਿਰ ਵੀ ਕਮਲ਼ਾ ਮਹਿਰਮ ਦੇ ਹੀ ਸੋਹਿਲੇ ਗਾਉਂਦਾ ਰਹਿੰਦਾ

ਜਾਨੋਂ ਪਿਆਰੇ ਪੰਛੀ ਜਦ ਸੀ ਉਹਨੂੰ ਛਡ ਕੇ ਉੱਡ ਗਏ
ਸ਼ਾਇਦ ਕਿਧਰੇ ਮੁੜ ਹੀ ਆਵਣ ਚੋਗਾ ਪਾਉਂਦਾ ਰਹਿੰਦਾ

ਆਪੇ ਪਹਿਲਾਂ ਝਿੜਕਾਂ ਮਾਰੇ, ਆਪੇ ਪਾਉਂਦਾ ਦੂਰੀ
ਮੁੜ ਕੇ ਨੇੜੇ ਹੋ-ਹੋ ਸਾਨੂੰ ਆਪ ਬੁਲਾਉਂਦਾ ਰਹਿੰਦਾ

■

ਰੇਤਾ ਉੱਤੇ ਮੈਂ ਉਸ ਦੀ ਤਸਵੀਰ ਬਣਾਉਂਦੀ ਹਾਂ ਅਕਸਰ
ਓਸ ਲਈ ਮੈਂ ਜੰਗਲ਼ ਬੇਲੇ ਕਿੰਨੇ ਗਾਹੁੰਦੀ ਹਾਂ ਅਕਸਰ

ਉਹਦੇ ਦਰ 'ਤੇ ਜਾ ਕੇ ਲੋਕੋ ਮੇਰੀ ਭਟਕਣ ਮੁੱਕ ਜਾਂਦੀ
ਇਸ ਕਰ ਕੇ ਹੀ ਉਹਦੇ ਦਰ 'ਤੇ ਸੀਸ ਝੁਕਾਉਂਦੀ ਹਾਂ ਅਕਸਰ

ਅੱਜ ਨਹੀਂ ਤਾਂ ਕੱਲ੍ਹ ਨੂੰ ਸ਼ਾਇਦ ਮੇਰਾ ਮਹਿਰਮ ਮੁੜ ਆਵੇ
ਝੱਲੇ ਦਿਲ ਨੂੰ ਬੱਸ ਇਹੋ ਧਰਵਾਸ ਦਿਵਾਉਂਦੀ ਹਾਂ ਅਕਸਰ

ਅਨਜਾਣੇ ਵਿੱਚ ਹੀ ਮੈਂ ਕੇਰਾਂ ਹੱਸਦਾ ਬਾਲ ਰੁਆ ਬੈਠੀ
ਹੁਣ ਸੁਪਨੇ ਵਿਚ ਰਾਤਾਂ ਨੂੰ ਬਾਲ ਵਰਾਉਂਦੀ ਹਾਂ ਅਕਸਰ

ਵਾਪਸ ਆਉਣ ਦਾ ਕਹਿ ਕੇ ਮਾਹੀ ਜਿਸ ਦਿਨ ਤੋਂ ਹੈ ਦੂਰ ਗਿਆ
ਬੈਠ ਬਨੇਰੇ 'ਤੇ ਜੋ ਬੋਲਣ ਕਾਗ ਬੁਲਾਉਂਦੀ ਹਾਂ ਅਕਸਰ

ਤੇਰੇ ਦੱਸੇ ਰਸਤਿਆਂ ’ਤੇ ਪੈਰ ਧਰਦੇ ਡਰਨ ਬੰਦੇ
ਪਰ ਤੇਰੇ ਨਾਂ ’ਤੇ ਹਜ਼ਾਰਾਂ ਹੀ ਡਰਾਮੇ ਕਰਨ ਬੰਦੇ

ਮੈਂ ਨਦੀ ਹਾਂ ਰੀਝ ਸਾਗਰ ਤੀਕ ਪੁੱਜਣ ਦੀ ਹੈ ਮੈਨੂੰ
ਫੇਰ ਕਿਉਂ ਰਾਹੀਂ ਅੜਿੱਕੇ ਬੇਵਜ੍ਹਾ ਹੀ ਧਰਨ ਬੰਦੇ

ਦੂਸਰੇ ਘਰ ਛਣਕਦੀ ਝਾਂਜਰ ਨੂੰ ਸੁਣ ਆਨੰਦ ਮਾਨਣ
ਆਪਣੇ ਵਿਹੜੇ ’ਚ ਹੀ ਨੱਚਦੀ ਨੂੰ ਕਿਉਂ ਨਾ ਜਰਨ ਬੰਦੇ

ਵਾਹ ਇਹ ਕੁਦਰਤ ਹੈ ਨਿਰਾਲੀ ਸਭ ਤੇਰੀ ਲੀਲ੍ਹਾ ਮੈਂ ਦੇਖੀ
ਤੂੰ ਉਨ੍ਹਾਂ ਨੂੰ ਗਲ਼ ਲਗਾਵੇਂ ਜੋ ਵੀ ਆਉਂਦੇ ਸ਼ਰਨ ਬੰਦੇ

ਜੇ ਸਿਆਸੀ ਚਾਲਬਾਜ਼ੀ ਸਮਝ ਜਾਵਣ ਲੋਕ ਮੇਰੇ
ਫੇਰ ਕਿਉਂ ਆਪੋ ’ਚ ਲੜ ਲੜ ਕੇ ਭਲਾ ਇਉਂ ਮਰਨ ਬੰਦੇ

ਜੋ ਘਰੋਂ ਨਿਕਲਣ ਮਸ਼ਾਲਾਂ ਬਾਲ਼ ਕੇ ਉਹ ਪਾਉਣ ਮੰਜ਼ਲ
ਜੋ ਦੀਵਾਨੇ ਰੌਸ਼ਨੀ ਦੇ, ਨ੍ਹੇਰ ਤੋਂ ਕਿਉਂ ਹਰਨ ਬੰਦੇ

■

ਉਸ ਨੂੰ ਵਰ੍ਹਿਆਂ ਪਿੱਛੋਂ ਮਿਲ ਕੇ ਪੂਰੀ ਹੋਈ ਆਸ ਜਿਹੀ
ਨੂਰ ਜਿਹਾ ਨੈਣਾਂ ਨੂੰ ਮਿਲਿਆ ਤੇ ਦਿਲ ਨੂੰ ਧਰਵਾਸ ਜਿਹੀ

ਤੇਰੇ ਮੇਰੇ ਰਸਤੇ ਤਾਂ ਹੁਣ ਵੱਖੋ ਵੱਖ ਨੇ ਕਹਿੰਦਾ ਸੀ
ਪਰ ਮੈਨੂੰ ਅੱਜ ਤਕ ਨਾ ਆਈ ਉਸ ਦੀ ਇਹ ਗਲ ਰਾਸ ਜਿਹੀ

ਸਾਰ ਨਹੀਂ ਸੀ ਅੱਜ ਅਚਾਨਕ ਉਹ ਮੈਨੂੰ ਮਿਲ ਜਾਵੇਗਾ
ਮਿਲ ਕੇ ਫੇਰ ਮਿਲਣ ਦੀ ਭੜਕੀ ਮਨ ਵਿਚ ਅੱਥਰੀ ਪਿਆਸ ਜਿਹੀ

ਉੱਡਦੀ ਉੱਡਦੀ ਗੱਲ ਸੁਣੀ ਜਦ ਪਤਝੜ ਦੇ ਦਿਨ ਨੇੜੇ ਨੇ
ਪੀਲ਼ੇ ਪੱਤੇ ਤੱਕ ਕੇ ਉੱਭਰੀ ਰੁੱਖ ਦੇ ਪਿੰਡੇ ਲਾਸ ਜਿਹੀ

ਇੱਕ ਨਜ਼ਰ ਦੇਖੇਂ ਜੇ ਮੈਨੂੰ ਹਰ ਦੁਖੜਾ ਮਨਜ਼ੂਰ ਕਰਾਂ
ਮੇਰੇ ਸੱਜਣਾਂ ਛੋਹ ਹੈ ਤੇਰੀ ਜੰਨਤ ਦੇ ਅਹਿਸਾਸ ਜਿਹੀ

ਤੇਰੇ ਬਿਨ ਹੀ ਜੀਅ ਨਹੀਂ ਲਗਦਾ ਹੁਣ ਕੀ ਹੋਵੇ
ਤੇਲ ਬਿਨਾਂ ਦੀਵਾ ਨਾ ਜਗਦਾ ਹੁਣ ਕੀ ਹੋਵੇ

ਖ਼ਬਰੇ ਕਿੰਨੇ ਹੰਝ ਵਹਾਏ ਉਸ ਮਛਲੀ ਨੇ
ਬੇਪਰਵਾਹ ਉਹ ਦਰਿਆ ਵਗਦਾ ਹੁਣ ਕੀ ਹੋਵੇ

ਮੋਰ ਕਲਹਿਰੀ ਪੈਲਾਂ ਪਾਵੇ ਦਿਲ ਦੇ ਵਿਹੜੇ
ਸਿਖ਼ਰ ਦੁਪਹਿਰੇ ਦਿਲ ਨੂੰ ਠੱਗਦਾ ਹੁਣ ਕੀ ਹੋਵੇ

ਇਸ਼ਕ ਚੁਆਤੀ ਲਾ ਕੇ ਮਹਿਰਮ ਦੂਰ ਗਿਆ ਹੈ
ਮੇਰਾ ਤਾਂ ਹੈ ਲੂੰ-ਲੂੰ ਦਘਦਾ ਹੁਣ ਕੀ ਹੋਵੇ

ਹੁਣ ਤੱਕ ਇੱਕੋ ਭੇਤ ਲੁਕੋਇਆ ਮੈਂ ਉਸ ਕੋਲੋਂ
ਪਰ ਉਹ ਭੇਤੀ ਹੈ ਰਗ਼-ਰਗ਼ ਦਾ ਹੁਣ ਕੀ ਹੋਵੇ

ਪਿਆਰ ਨਿਸ਼ਾਨੀ ਮੁੰਦਰੀ ਸੀ ਮੈਂ ਉਸ ਨੂੰ ਦੇਣੀ
ਪਰ ਮਹਿੰਗਾ ਮੁੱਲ ਇਸ ਦੇ ਨਗ਼ ਦਾ ਹੁਣ ਕੀ ਹੋਵੇ

■

ਤੁਹਾਡੇ ਰੂਬਰੂ ਟੁੱਟੇ ਦਿਲਾਂ ਦਾ ਹਾਲ ਰੱਖਾਂਗੇ
ਤੁਸੀਂ ਸਾਡੀ ਗਲ਼ੀ ਆਇਓ ਕਿ ਦੀਵੇ ਬਾਲ਼ ਰੱਖਾਂਗੇ

ਉਨ੍ਹਾਂ ਨੇ ਖਾਧੀਆਂ ਕਸਮਾਂ ਕਿ ਹੁਣ ਨਹੀਂ ਫੜਨੀਆਂ ਮੱਛੀਆਂ
ਤੇ ਫਿਰ ਕਹਿੰਦੇ ਅਸੀਂ ਪਰ ਸਾਂਭ ਕੇ ਇਹ ਜਾਲ਼ ਰੱਖਾਂਗੇ

ਜੋ ਇਕ ਇਕ ਕਰਦਿਆਂ ਖ਼ਿੱਤੀ 'ਚੋਂ ਸਾਰੇ ਟੁੱਟ ਗਏ ਤਾਰੇ
ਉਹ ਕਹਿੰਦੇ ਸੀ ਕਿ ਗਰਦਿਸ਼ ਵਿੱਚ ਨਿਰੰਤਰ ਚਾਲ ਰੱਖਾਂਗੇ

ਹਨੇਰੇ ਆ ਗਏ ਸ਼ਾਇਦ ਕਿਸੇ ਦੀ ਚੁੱਕਣਾ ਅੰਦਰ
ਜੋ ਆਖੀ ਜਾ ਰਹੇ ਕਿ ਪਹੁ-ਫੁਟਾਲ਼ੇ ਟਾਲ਼ ਰੱਖਾਂਗੇ

ਉਹੀ ਮਜਬੂਰ ਹੋ ਕੇ ਆਪ ਇਸ ਨੂੰ ਤੁਰ ਪਏ ਵੇਚਣ
ਜੋ ਕਹਿੰਦੇ ਸੀ ਕਲਾ ਆਪਣੀ ਸਦਾ ਸੰਭਾਲ਼ ਰੱਖਾਂਗੇ

■

ਉਹ ਟੁੱਟਦੇ ਤਾਰਿਆਂ ਦੀ ਪੀੜ ਨੂੰ ਤਾਂ ਜਾਣ ਲੈਂਦਾ ਹੈ
ਤੇ ਫਿਰ ਅਣਜਾਣ ਬਣ ਕੇ ਮੁਖ 'ਤੇ ਗੁੱਸਾ ਤਾਣ ਲੈਂਦਾ ਹੈ

ਕਦੇ ਕੀੜੀ ਦਾ ਆਟਾ ਡੁੱਲ੍ਹਣੇ 'ਤੇ ਵਰਚ ਜਾਂਦਾ ਸੀ
ਉਹ ਬੰਦਾ ਵਰਚਦਾ ਨਾ ਫਿਰ ਜਦੋਂ ਸੱਚ ਜਾਣ ਲੈਂਦਾ ਹੈ

ਕਿਸੇ ਦਾ ਵੀ ਨਿਰਾਦਰ ਉਹ ਸਰੇ ਬਾਜ਼ਾਰ ਕਰ ਦਿੰਦਾ
ਇਹ ਸਾਡੇ ਸ਼ਹਿਰ ਦਾ ਹਾਕਮ ਜੋ ਮਨ ਵਿਚ ਠਾਣ ਲੈਂਦਾ ਹੈ

ਗੁਆ ਚੁੱਕਾ ਹੈ ਦੀਦੇ ਆਪਣੇ ਚਿਰ ਤੋਂ ਜਿਹੜਾ ਬਾਬਲ
ਸਦਾ ਧੀ ਆਪਣੀ ਨੂੰ ਦੂਰ ਤੋਂ ਪਹਿਚਾਣ ਲੈਂਦਾ ਹੈ

ਸਵੇਰੇ ਖ਼ੂਬਸੂਰਤ ਸ਼ਬਦ ਭਰ ਦਿੰਦਾ ਗ਼ਜ਼ਲ ਅੰਦਰ
ਉਹ ਰਾਤੀਂ ਖ਼੍ਵਾਬ ਵਿੱਚ ਚਿੰਤਨ ਨੂੰ ਪੂਰਾ ਛਾਣ ਲੈਂਦਾ ਹੈ

ਕੋਈ ਆ ਕੇ ਮੇਰੇ 'ਤੇ ਬੱਸ ਏਨਾ ਹੀ ਅਹਿਸਾਨ ਕਰੇ
ਮੇਰੇ ਹਿੱਸੇ ਦੇ ਸੁਪਨੇ ਹੀ ਲਭ ਕੇ ਮੈਨੂੰ ਦਾਨ ਕਰੇ

ਲੋਕਾਂ ਖ਼ਾਤਰ ਮਰਨ ਦੀਆਂ ਹੀ ਜਿਹੜਾ ਗੱਲਾਂ ਕਰਦਾ ਸੀ
ਉਹ ਹੀ ਅੱਜਕੱਲ੍ਹ ਲੋਕਾਂ ਦੇ ਦਰਦਾਂ ਦਾ ਖ਼ੁਦ ਸਾਮਾਨ ਕਰੇ

ਅੱਜਕਲ੍ਹ ਇਹ ਰਿਸ਼ਤਾ ਬਣ ਚੁੱਕਾ ਸੀਨੇ ਵਿਚ ਧੁਖਦਾ ਨਾਸੂਰ
ਮੇਰੇ ਵਿਚਲਾ ਕੋਈ ਇਸ ਨੂੰ ਹੱਸ ਕੇ ਕਿਉਂ ਪਰਵਾਨ ਕਰੇ

ਜੇਸ ਦੁਆਲ਼ੇ ਘੁੰਮਦੀ ਹੈ ਇਹ ਕਮਲ਼ੀ ਹੋ ਕੇ ਸਦੀਆਂ ਤੋਂ
ਉਹ ਸੂਰਜ ਨਾ ਧਰਤੀ ਉੱਤੋਂ ਇਕ ਦਿਨ ਵੀ ਕੁਰਬਾਨ ਕਰੇ

ਮੈਂ ਤਾਂ ਉਸ ਨੂੰ ਦੇ ਸਕਦਾਂ ਹਾਂ, ਅਪਣੀ ਸਾਰੀ ਉਮਰਾ ਹੀ
ਜੇ ਉਹ ਮੇਰੇ ਸ਼ਬਦਾਂ ਦੀ ਇਕ ਮੁਸ਼ਕਲ ਨੂੰ ਆਸਾਨ ਕਰੇ

ਉਹਦੀ ਮਰਜ਼ੀ ਕਿ ਉਹ ਆਵੇ ਨਾ ਆਵੇ
ਅਸੀਂ ਤਾਂ ਭੇਜਦੇ ਰਹਿਣਾ ਬੁਲਾਵੇ

ਨਾ ਹੋਵੇ ਤਾਂਘ ਦਿਲ ਵਿਚ ਮੇਲ ਦੀ ਤਾਂ
ਕੋਈ ਰਾਹਾਂ 'ਚ ਕਿਉਂ ਪਲਕਾਂ ਵਿਛਾਵੇ

ਅਸੀਂ ਤਾਂ ਹੋ ਕੇ ਬੱਸ ਉਸ ਦੇ ਹੀ ਰਹਿਣਾ
ਉਹ ਸੌ ਸੌ ਵਾਰ ਭਾਵੇਂ ਆਜ਼ਮਾਵੇ

ਘਟਾਵਾਂ ਓਸ ਦਾ ਚਿਹਰਾ ਬਣਾਵਣ
ਹਵਾ ਵੀ ਬੋਲ ਉਸ ਦੇ ਗੁਣਗੁਣਾਵੇ

ਅਜੇਹੀ ਜ਼ਿੰਦਗੀ ਤੋਂ ਮੌਤ ਚੰਗੀ
ਜੋ ਪਲ ਪਲ ਮੌਤ ਦੇ ਦਿੰਦੀ ਡਰਾਵੇ

ਰੰਗਾਂ ਦੀ ਤਿਰਹਾਈ ਸੀ ਉਹ, ਫੁੱਲਾਂ ਦਾ ਰਸ ਪੀ ਗਈ
ਤਿਤਲੀ ਇਕ ਪਲ ਅੰਦਰ ਹੀ ਸੌ ਵਰ੍ਹਿਆਂ ਜਿੰਨਾ ਜੀ ਗਈ

ਉੱਪਰ ਵੱਲ ਨੂੰ ਤੱਕਦਾ ਰਹਿੰਦਾ ਥਲ ਦੇ ਵਿੱਚ ਇਕੱਲਾ
ਰੁੱਖ ਦੇ ਅੰਬਰ ਵਿੱਚੋਂ ਆ ਕੇ ਮੁੜ ਕੋਈ ਬੱਦਲੀ ਗਈ

ਕਾਸ਼ ਉਹ ਦੋਵੇਂ ਜਾਣੇ ਇਸ ਨੂੰ ਨਿਪਟਾ ਲੈਂਦੇ ਬਹਿ ਕੇ
ਜਿਹੜੀ ਗੱਲੋਂ ਉਹਨਾਂ ਵਿਚਲੀ ਦੂਰੀ ਵਧਦੀ ਹੀ ਗਈ

ਢਲ਼ਦੇ ਹੋਏ ਸੂਰਜ ਨੂੰ ਜਦ ਉਸ ਨੇ ਗਲ਼ ਨੂੰ ਲਾਇਆ
ਲੱਪ ਲੱਪ ਡਿਗਦੇ ਹੰਝੂ ਉਸ ਦੇ ਸ਼ਾਮ ਪਲਾਂ ਵਿਚ ਪੀ ਗਈ

ਇਸ ਨ੍ਹੇਰੀ ਵਿਚ ਭਾਰ ਉਮੀਦਾਂ ਦਾ ਨਾ ਸਿਰ 'ਤੇ ਟਿਕਦਾ
ਹੁਣ ਤਾਂ ਸੌਖਾ ਹੋ ਜਾ ਤੇਰੀ ਆਸ ਅਖੀਰੀ ਵੀ ਗਈ

■

ਡੁੱਬ ਰਹੇ ਸਾਹਾਂ 'ਚ ਥੋੜ੍ਹਾ ਵੇਗ ਭਰਦੇ ਹਾਂ
ਤੁਰ ਗਏ ਸਮਿਆਂ ਨੂੰ ਜਦ ਵੀ ਯਾਦ ਕਰਦੇ ਹਾਂ

ਮਿੱਟੀ ਦੇ ਮੋਰਾਂ ਤੋ ਪੈਲਾਂ ਤਾਂ ਪਵਾ ਲਈਏ
ਪਰ ਉਹਨਾਂ ਦੇ ਖੁਰਨ ਤੋਂ ਵੀ ਬਹੁਤ ਡਰਦੇ ਹਾਂ

ਜੂਨ ਪੈ ਕੇ ਪੌਣ ਦੀ ਸਾਡੇ 'ਚ ਟਕਰਾਉਂਦੈ
ਦੀਵਿਆਂ ਦੇ ਵਾਂਗ ਉਸ ਦੇ ਸਿਤਮ ਜਰਦੇ ਹਾਂ

ਉਹ ਹਨੇਰੇ ਰਾਹ 'ਚ ਜਦ ਭਰਦਾ ਹੈ ਰੌਸ਼ਨੀਆਂ
ਫਿਰ ਅਸੀਂ ਝੱਟ ਮੰਜ਼ਲਾਂ 'ਤੇ ਜਾ ਕੇ ਖੜ੍ਹਦੇ ਹਾਂ

ਹੈ ਭਰਮ ਦੇ ਜਾਲ਼ ਵਿਚ ਹੁਣ ਉਲਝਿਆ ਉਹ ਵੀ
ਤੇ ਅਸੀਂ ਪਛਤਾਵਿਆਂ ਦੀ ਅਗਨ ਸੜਦੇ ਹਾਂ

ਉਹ ਮੁੜ ਮੁੜ ਕੰਡਿਆਂ ਦੀ ਚੋਭ ਹੀ ਜਰਦੀ
ਚਮਨ ਵਿੱਚੋਂ ਕੁੜੀ ਜਦ ਤਿਤਲੀਆਂ ਫੜਦੀ

ਚਿਰਾਗ਼ਾਂ ਨੇ ਤਾਂ ਹਾਲੇ ਰਾਤ ਭਰ ਜਗਣਾ
ਭਲਾ ਕਦ ਲਾਟ ਹੈ ਨ੍ਹੇਰੀ ਤੋਂ ਡਰਦੀ

ਕਿਨਾਰੇ ਤੋਂ ਤਿਲਕ ਕੇ ਡਿੱਗਣਾ ਹੀ ਸੀ
ਕਿਵੇਂ ਹੁਣ ਸਾਂਭਦੀ ਤੈਨੂੰ ਨਦੀ ਵਗਦੀ

ਹਵਾ ਵਿੱਚੋਂ ਮਧੁਰ ਸੰਗੀਤ ਹੈ ਸੁਣਨਾ
ਅਜੇ ਬੰਸੀ ਗੁਆਚੇ ਸੁਰ ਫਿਰੇ ਲੱਭਦੀ

ਉਹ ਲਿਖ ਕੇ ਆਖ਼ਰੀ ਖ਼ਤ ਸੁਰਖ਼ਰੂ ਹੋਈ
ਤੇ ਇਹ ਖ਼ਤ ਦੇਣ ਦੀ ਹਿੰਮਤ ਨਹੀਂ ਉਸ ਦੀ

ਉਦੋਂ ਦੀ ਮਰ ਗਈ ਭੁੱਖ ਆਪਣੀ ਮੌਤੇ
ਜਦੋਂ ਦੀ ਬੁਝ ਗਈ ਚੁੱਲ੍ਹੇ ’ਚੋਂ ਅੱਗ ਮੱਚਦੀ

ਉਹ ਓਧਰ ਲਾਂਬੂਆਂ ਦੇ ਸ਼ਹਿਰ ਫਿਰਦਾ ਭਾਲ਼ਦਾ ਮੈਨੂੰ
ਤੇ ਏਧਰ ਇਕ ਫਲੂਹਾ ਘਰ 'ਚ ਰਹਿੰਦਾ ਜਾਲ਼ਦਾ ਮੈਨੂੰ

ਮੈਂ ਉਸ ਨੂੰ ਚਾਨਣੀ ਸਾਰੀ ਦੀ ਸਾਰੀ ਸੌਂਪ ਦਿੱਤੀ ਸੀ
ਜੋ ਦੀਵੇ ਵਾਂਗ ਪਾਣੀ ਵਿਚ ਰਿਹਾ ਸੀ ਤਾਰਦਾ ਮੈਨੂੰ

ਮੇਰੀ ਟਾਹਣੀ ਤੋਂ ਖ਼ਬਰੇ ਕਿਉਂ ਉਡੀ ਉਹ ਚੁਲਬੁਲੀ ਬੁਲਬੁਲ
ਕੋਈ ਪੰਛੀ ਨਾ ਮੁੜ ਦਿਸਿਆ ਹੈ ਉਸ ਦੇ ਨਾਲ ਦਾ ਮੈਨੂੰ

ਜਦੋਂ ਵੀ ਆਪਣਾ ਕੋਈ ਸੀ ਮੈਨੂੰ ਛੱਡ ਕੇ ਤੁਰ ਜਾਂਦਾ
ਖ਼ੁਦਾ ਖ਼ੁਦ ਆਣ ਕੇ ਹੀ ਸੀ ਰਿਹਾ ਸੰਭਾਲ਼ਦਾ ਮੈਨੂੰ

ਮੈਂ ਆਖ਼ਰ ਦੇਖ ਲਏ ਨੇ ਅਕਸ ਜੋ ਉਸ ਨੇ ਲੁਕਾਏ ਸਨ
ਕਿ ਭਾਵੇਂ ਬਹੁਤ ਚਿਰ ਸ਼ੀਸ਼ਾ ਰਿਹਾ ਸੀ ਟਾਲ਼ਦਾ ਮੈਨੂੰ

ਮੈਂ ਉਸ ਨੂੰ ਰੌਸ਼ਨੀ ਤਾਂ ਦੇ ਨਹੀਂ ਸਕਦਾ ਪਤੈ ਉਹਨੂੰ
ਉਹ ਫਿਰ ਵੀ ਰੋਜ਼ ਦੀਵੇ ਵਾਂਗ ਸ਼ਾਮੀਂ ਬਾਲ਼ਦਾ ਮੈਨੂੰ

ਮਨ ਦੀ ਮਮਟੀ 'ਤੇ ਸੋਚਾਂ ਦਾ ਪੰਛੀ ਬੋਲ ਰਿਹਾ
ਭੇਦ ਲੁਕੋ ਕੇ ਰੱਖੇ ਦਿਲ ਦੇ ਸਾਰੇ ਖੋਲ੍ਹ ਰਿਹਾ

ਪਤਝੜ ਦੇ ਵਿਚ ਉੱਡ ਗਏ ਅਸਮਾਨੀ ਸਾਰੇ ਹੀ
ਇੱਕੋ ਪੱਤਾ ਹੀ ਗਲ਼ੀਆਂ ਵਿਚ ਜਿੰਦ ਨੂੰ ਰੋਲ਼ ਰਿਹਾ

ਚੋਰੀ ਦੀਪ ਜਗਾਇਆ ਜਿਸ ਨੇ ਕੁੱਲੀ ਦੇ ਅੰਦਰ
ਦਗ ਦਗ ਕਰਦਾ ਚਾਨਣ ਪੋਲ ਓਸੇ ਦੀ ਖੋਲ੍ਹ ਰਿਹਾ

ਇੱਕ ਮੁਸਾਫ਼ਰ ਰਾਹਾਂ ਤੋਂ ਡਰ ਕੇ ਮੁੜ ਆਇਆ ਸੀ
ਹੁਣ ਕਿਉਂ ਫਿਰ ਤੋਂ ਮੰਜ਼ਲ ਦਾ ਸਿਰਨਾਵਾਂ ਟੋਲ਼ ਰਿਹਾ

ਰਾਜ਼ ਛੁਪਾ ਕੇ ਮੇਰੇ ਤੋਂ ਜੋ ਰੱਖਦਾ ਹੈ ਸਾਰੇ
ਆਪ ਹਯਾਤੀ ਮੇਰੀ ਕਿੱਦਾਂ ਹੈ ਪੜਚੋਲ ਰਿਹਾ

ਜਦੋਂ ਬੂਟਾ ਮੈਂ ਇੱਧਰੋਂ ਪੁੱਟ ਕੇ ਓਧਰ ਲਾ ਰਿਹਾ ਸੀ
ਤਾਂ ਇਉਂ ਲੱਗਿਆ ਕਿ ਮਨ ਅਪਣਾ ਹੀ ਮੈਂ ਸਮਝਾ ਰਿਹਾ ਸੀ

ਕਿਸੇ ਦੀ ਭੁੱਖ ਮੇਟਣ ਦਾ ਵਸੀਲਾ ਬਣ ਗਿਆ ਖ਼ੁਦ
ਪਰਿੰਦਾ ਬੋਟ ਲਈ ਜਦ ਚੋਗ ਲੈ ਕੇ ਆ ਰਿਹਾ ਸੀ

ਮੇਰੇ ਖ਼ਾਬਾਂ 'ਚ ਮੈਨੂੰ ਦਿਸ ਰਿਹਾ ਸੀ ਰੋਜ਼ ਮੰਜ਼ਰ
ਜੁਦਾ ਮੇਰੇ ਤੋਂ ਹੁੰਦਾ ਜਦ ਕੋਈ ਕੁਰਲਾ ਰਿਹਾ ਸੀ

ਅਨੇਕਾਂ ਤੁਹਮਤਾਂ ਲੱਗੀਆਂ ਨੇ ਓਸੇ ਮੋਰ 'ਤੇ ਹੁਣ
ਗਟਾਰਾਂ ਤੋਂ ਜੋ ਅਪਣੇ ਪੈਰ ਮੰਗਣ ਜਾ ਰਿਹਾ ਸੀ

ਜਦੋਂ ਘਰ ਆਪਣਾ ਜਲ਼ਿਆ ਤਾਂ ਕਿੰਨਾ ਚੀਕਿਆ ਉਹ
ਕਿਸੇ ਦੇ ਅੱਗ ਲੱਗੀ 'ਤੇ ਜਿਹੜਾ ਮੁਸਕਾ ਰਿਹਾ ਸੀ

ਜਦ ਜਦ ਸਿਖਰ ਦੁਪਹਿਰੇ ਕੋਇਲ ਅਲਾਪ ਲੈਂਦੀ
ਜੰਗਲ਼ ਦੇ ਇਕ ਰਿਸ਼ੀ ਤੋਂ ਮੁੜ ਮੁੜ ਸਰਾਪ ਲੈਂਦੀ

ਉੱਪਰੋਂ ਦੀ ਲੰਘ ਕੇ ਹੀ ਤਪ ਜਾਂਦੀ ਹੈ ਹਮੇਸ਼ਾਂ
ਏਦਾਂ ਹੀ ਪੌਣ ਥਲ ਦਾ ਸਾਰਾ ਸੰਤਾਪ ਲੈਂਦੀ

ਕੂੰਜਾਂ ਨੂੰ ਦੇਖ ਕੇ ਤਾਂ ਚਾਹੁੰਦੀ ਹੈ ਦੂਰ ਉੱਡਣਾ
ਡਰਦੀ ਹੈ ਇੱਕ ਚਿੜੀ ਜਦ ਅੰਬਰ ਦਾ ਨਾਪ ਲੈਂਦੀ

ਅੱਧੀ ਕੁ ਰਾਤ ਉਸ ਨੂੰ ਜਦ ਵੀ ਇਕੱਲ ਘੇਰੇ
ਦਿਲ ਦੇ ਸਫ਼ੇ ’ਤੇ ਕੋਈ ਤਸਵੀਰ ਛਾਪ ਲੈਂਦੀ

ਹੱਥੀਂ ਤਰਾਸ਼ੇ ਹੋਏ ਬੁੱਤਾਂ ’ਚੋਂ ਉਹ ਕਿਸੇ ਨੂੰ
ਅਪਣੇ ਮੁਕੱਦਰਾਂ ਦਾ ਮਾਲਕ ਹੈ ਥਾਪ ਲੈਂਦੀ

ਮਿਲ ਗਿਆ ਹੈ ਸ਼ਬਦ ਰੂਪੀ ਇਕ ਖ਼ਜ਼ਾਨਾ ਜੀਣ ਦਾ
ਇਸ ਤਰ੍ਹਾਂ ਲੱਭਾ ਹੈ ਮੈਨੂੰ ਵੀ ਬਹਾਨਾ ਜੀਣ ਦਾ

ਜ਼ਿੰਦਗੀ ਫਿਰ ਆਪ ਪੱਬਾਂ ਭਾਰ ਥਿਰਕਣ ਲੱਗ ਪਈ
ਸਿੱਖ ਲਿਆ ਸੀ ਜਦ ਮੁਹੱਬਤ ਨੇ ਤਰਾਨਾ ਜੀਣ ਦਾ

ਇਹ ਹਯਾਤੀ ਭਟਕਦੀ ਹੋ ਕੇ ਸਦਾ ਹੀ ਬੇਲਗ਼ਾਮ
ਮੈਂ ਕਦੀ ਕੀਤਾ ਹੀ ਨਾ ਨਿਸ਼ਚਿਤ ਪੈਮਾਨਾ ਜੀਣ ਦਾ

ਫੁੱਲ ਟਹਿਕੇ ਮੋਰ ਕੂਕੇ ਤੇ ਕਵੀ ਕਵਿਤਾ ਲਿਖੇ
ਸਭ ਦਾ ਆਪੋ ਆਪਣਾ ਹੈ ਢੰਗ ਰੋਜ਼ਾਨਾ ਜੀਣ ਦਾ

ਸੂਲ਼ੀਆਂ ਨੂੰ ਇਕ ਤਰ੍ਹਾਂ ਹੈਰਾਨ ਕਰਨਾ ਹੈ ਅਸੀਂ
ਆਖ਼ਰੀ ਕਿੱਲ 'ਤੇ ਜਦੋਂ ਬੰਨ੍ਹਾਂਗੇ ਗਾਨਾ ਜੀਣ ਦਾ

■

ਜਦੋਂ ਤੁਰਦੀ ਹੈ ਪਰਛਾਵਾਂ ਵੀ ਉਸ ਦੇ ਨਾਲ਼ ਤੁਰਦਾ ਹੈ
ਕਹਾਣੀ ਹੋਰ ਹੈ ਕੋਈ ਉਹਦਾ ਬੱਸ ਨਾਮ ਜੁੜਦਾ ਹੈ

ਅਜੇ ਤਕ ਨਾ ਨਿਮੋਹਾ ਪਰਤਿਆ ਤੇ ਨਾ ਖ਼ਬਰ ਕੋਈ
ਮੇਰੇ ਨਾਲੋਂ ਮੇਰਾ ਅਪਣਾ ਸਵੈ ਹੁਣ ਰੋਜ਼ ਭੁਰਦਾ ਹੈ

ਸ਼ਿਕਾਰੀ ਤਰਸ ਨਾ ਖਾਂਦੇ ਫਟਾਫਟ ਫੂੰਡ ਦਿੰਦੇ ਨੇ
ਪਰਿੰਦਾ ਆਪਣੀ ਪਰਵਾਜ਼ ਤੋਂ ਜਦ ਘਰ ਨੂੰ ਮੁੜਦਾ ਹੈ

ਚਲਾਉਣਾ ਖੰਜਰਾਂ ਨੂੰ ਬਣ ਗਿਆ ਹੈ ਸ਼ੌਂਕ ਜੀਹਨਾਂ ਦਾ
ਉਹ ਕਿਉਂ ਨਾ ਸੋਚਦੇ ਕਿ ਅਪਣਿਆਂ ਦਾ ਖ਼ੂਨ ਰੁੜ੍ਹਦਾ ਹੈ

ਖੜ੍ਹੇ ਪਾਣੀ ਦੇ ਵਿਚ ਤਾਂ ਕੰਵਲ ਵੀ ਮਹਿਫ਼ੂਜ਼ ਰਹਿੰਦੇ ਨੇ
ਅਗਰ ਪਾਣੀ 'ਚ ਹੋਵੇ ਵੇਗ ਤਾਂ ਪੱਥਰ ਵੀ ਖੁਰਦਾ ਹੈ

ਮੈਂ ਰਾਹਾਂ 'ਚੋਂ ਤਾਂ ਪੁੱਟੀਆਂ ਝਾੜੀਆਂ ਸੀ ਬਹੁਤ ਚਿਰ ਪਹਿਲਾਂ
ਕੋਈ ਕੰਡਾ ਅਜੇ ਵੀ ਮੇਰੀਆਂ ਯਾਦਾਂ 'ਚ ਪੁੜਦਾ ਹੈ

ਤਬੀਅਤ ਕੁਝ ਇਵੇਂ ਹਰ ਸੋਚ ਤੋਂ ਆਜ਼ਾਦ ਹੁੰਦੀ ਹੈ
ਸਮਝ ਆਉਂਦੀ ਨਹੀਂ ਇਹ ਤੂੰ ਜਾਂ ਤੇਰੀ ਯਾਦ ਹੁੰਦੀ ਹੈ

ਕਿਵੇਂ ਦੱਸਾਂ ਮੇਰੀ ਹਾਲਤ ਜੋ ਤੇਰੇ ਬਾਅਦ ਹੁੰਦੀ ਹੈ
ਨਾ ਅਪਣੇ ਆਪ ਦਾ ਚੇਤਾ ਨਾ ਦੁਨੀਆਂ ਯਾਦ ਹੁੰਦੀ ਹੈ

ਝੁਕਾ ਕੇ ਸਿਰ ਉਹ ਘਰ ਅਪਣੇ ਤਕਾਲ਼ੀਂ ਨਿੱਤ ਹੈ ਜਾਂਦਾ
ਕਿਵੇਂ ਸੂਰਜ ਨੂੰ ਰੋਕੇ ਸ਼ਾਮ ਜਦ ਨਾਸ਼ਾਦ ਹੁੰਦੀ ਹੈ

ਜਦੋਂ ਰਹਿਬਰ ਕਿਸੇ ਵੀ ਥਾਂ ’ਤੇ ਆ ਕੇ ਪੈਰ ਹੈ ਧਰਦਾ
ਜਗ੍ਹਾ ਉਹ ਭਾਗਸ਼ਾਲੀ ਰਹਿਮਤੀਂ ਆਬਾਦ ਹੁੰਦੀ ਹੈ

ਜਦੋਂ ਰੋਂਦੇ ਵਿਲਕਦੇ ਬਾਲ ਨੂੰ ਕੋਈ ਹਸਾ ਦੇਵੇ
ਇਬਾਦਤ ਹੈ ਖ਼ੁਦਾ ਦੀ ਇਹ ਇਲਾਹੀ ਨਾਦ ਹੁੰਦੀ ਹੈ

ਸਹਾਰੇ ਤਿਣਕਿਆਂ ਦੇ ਕੋਈ ਦਰਿਆ ਪਾਰ ਕਰ ਜਾਵੇ
ਤੇ ਡੁੱਬ ਜਾਂਦਾ ਹੈ ਉਹ ਵੀ ਜਿਸ ਦੀ ਸੌ ਇਮਦਾਦ ਹੁੰਦੀ ਹੈ

ਆਇਆ ਕਰੀਬ ਜਦ ਵੀ ਆਇਆ ਵਬਾਲ ਬਣ ਕੇ
ਮੈਨੂੰ ਉਜਾੜਿਆ ਹੈ ਉਸ ਨੇ ਭੁਚਾਲ ਬਣ ਕੇ

ਕੱਢੀ ਹੈ ਜ਼ਿੰਦਗੀ ਮੈਂ ਹਉਕੇ ਤੇ ਹਾਵਿਆਂ ਵਿਚ
ਉਹ ਕਾਸ਼ ਪੂੰਝ ਦਿੰਦਾ ਅੱਖਾਂ ਰੁਮਾਲ ਬਣ ਕੇ

ਉਹ ਦੇ ਗਿਆ ਜੋ ਮੈਨੂੰ ਇਕ ਰੰਗਲਾ ਹੀ ਤੋਹਫ਼ਾ
ਮੁਖੜੇ 'ਤੇ ਛਾ ਗਿਆ ਹੈ ਮੇਰੇ ਗੁਲਾਲ ਬਣ ਕੇ

ਆਵੇ ਕਦੇ ਨਾ ਨੇੜੇ ਓਦਾਂ ਉਹ ਬਿਨ ਬੁਲਾਇਆਂ
ਫਿਰ ਪੰਨਿਆਂ 'ਤੇ ਕਾਹਤੋਂ ਆਵੇ ਖ਼ਿਆਲ ਬਣ ਕੇ

ਸੂਰਤ ਵੀ ਭੁੱਲ ਬੈਠੇ ਭੁੱਲੇ ਹਾਂ ਨਾਂ ਵੀ ਜਿਸ ਦਾ
ਉਹ ਅੱਜ ਉੱਠਿਆ ਹੈ ਦਿਲ 'ਚੋਂ ਉਬਾਲ਼ ਬਣ ਕੇ

■

ਯਾਦ ਤੇਰੀ ਦੇ ਕਾਰਨ ਹੀ ਖ਼ਤ ਲਿਖਦੀ ਹਾਂ
ਪਲ ਪਲ ਰਿਸਦੇ ਜ਼ਖ਼ਮਾਂ ਵਾਂਗਰ ਰਿਸਦੀ ਹਾਂ

ਸੂਰਜ ਮੇਰੇ ਸਾਹਾਂ ਦੇ ਵਿਚ ਵੱਸ ਗਿਆ
ਨ੍ਹੇਰੇ ਉੱਤੇ ਚਾਨਣ ਦੇ ਕਣ ਸਿੱਟਦੀ ਹਾਂ

ਤੌਰ ਤਰੀਕੇ ਉਸ ਦੇ ਰਾਸ ਨਹੀਂ ਆਏ
ਉਮਰਾਂ ਤੋਂ ਮੈਂ ਜਿਹੜੇ ਸ਼ਹਿਰ 'ਚ ਵੱਸਦੀ ਹਾਂ

ਸ਼ਾਮ ਸਵੇਰੇ ਮੈਂ ਰਹਿੰਦੀ ਹਾਂ ਬਿਹਬਲ ਕਿਉਂ
ਰਾਤ ਟਿਕੀ ਦੇ ਨਾਲ਼ ਹੀ ਕਿਉਂ ਮੈਂ ਟਿਕਦੀ ਹਾਂ

ਪਾਉਣੀ ਚਾਹਵਾਂ ਗ਼ਜ਼ਲਾਂ ਵਿੱਚ ਰਵਾਨੀ ਮੈਂ
ਸ਼ਬਦਾਂ ਦੇ ਵਿਚ ਮੋਤੀ ਜੜਨਾ ਸਿੱਖਦੀ ਹਾਂ

ਉਹ ਝੂਠ ’ਤੇ ਪਹਿਰਾ ਦਵੇ ਮੈਂ ਸੱਚ ’ਤੇ ਰਹਿੰਦੀ ਅੜੀ
ਕਿਸ ਨੇ ਭਲਾ ਤਸਵੀਰ ਸਾਡੀ ਇੱਕ ਸ਼ੀਸ਼ੇ ਵਿਚ ਜੜੀ

ਇਸ ਰੁੰਡ ਹੋਏ ਰੁੱਖ ਤੋਂ ਮਿਲ਼ਦੀ ਗਵਾਹੀ ਏਸ ਦੀ
ਕਿ ਏਸ ਦੀ ਹਰ ਸ਼ਾਖ਼ ਨ੍ਹੇਰੀ ਨਾਲ ਹੋਵੇਗੀ ਲੜੀ

ਜੇਕਰ ਮੈਂ ਅਪਣੀ ਸੋਚ ਦਾ ਚੱਪੂ ਚਲਾਉਂਦੀ ਨਾ ਤਾਂ ਫਿਰ
ਰਹਿੰਦੀ ਮੈਂ ਉਸ ਦੀ ਆਸ ’ਤੇ ਅੱਜ ਤੀਕ ਓਥੇ ਹੀ ਖੜ੍ਹੀ

ਮੇਰਾ ਅਧੂਰਾ ਗੀਤ ਖ਼ੁਦ ਬਿਹਬਲ ਸੀ ਪੂਰਾ ਹੋਣ ਨੂੰ
ਮੈਥੋਂ ਹੀ ਸਾਰੀ ਉਮਰ ਨਾ ਜੋੜੀ ਗਈ ਟੁੱਟੀ ਲੜੀ

ਕਣੀਆਂ ਨੇ ਵੀ ਤਾਂ ਉਸ ਥਾਂ ਲਾਏ ਨਿਸ਼ਾਨੇ ਜਾਣ ਕੇ
ਜਿਸ ਥਾਂ ਤੋਂ ਇਸ ਦੀਵਾਰ ਦੀ ਪਹਿਲਾਂ ਹੀ ਮਿੱਟੀ ਸੀ ਝੜੀ

ਮੈਂ ਹਾਲੋਂ ਹੋਇਆਂ ਬੇਹਾਲ ਦੁਪਹਿਰ ਢਲ਼ੇ
ਸੂਰਜ ਨੇ ਬਦਲੀ ਹੈ ਚਾਲ ਦੁਪਹਿਰ ਢਲ਼ੇ

ਕਿਸ ਦਾ ਰਾਹ ਤੱਕਦੀ ਹੈ ਬਿਰਹਣ ਬੇਚਾਰੀ
ਦਰ 'ਤੇ ਬੈਠੀ ਦੀਵਾ ਬਾਲ਼ ਦੁਪਹਿਰ ਢਲ਼ੇ

ਰੇਤਾ 'ਤੋਂ ਸਿਰਨਾਵਾਂ ਤੇਰਾ ਉੱਡ ਗਿਆ
ਜਦ ਵੀ ਆਇਆ ਤੇਰਾ ਖ਼ਿਆਲ ਦੁਪਹਿਰ ਢਲ਼ੇ

ਸਰਘੀ ਵੇਲੇ ਚੋਗਾ ਪਾਇਆ ਜਿਹਨਾਂ ਨੇ
ਪੰਛੀ ਖ਼ਾਤਰ ਬੁਣਿਆ ਜਾਲ਼ ਦੁਪਹਿਰ ਢਲ਼ੇ

ਰੋਟੀ ਖ਼ਾਤਰ ਦਰ ਦਰ ਸੀ ਮੰਗਦਾ ਫਿਰਦਾ
ਹਾਏ ਨਿੱਕਾ ਜੇਹਾ ਬਾਲ ਦੁਪਹਿਰ ਢਲ਼ੇ

■

ਦੇ ਕੇ ਮੁੱਠੀ ਲਾਰਿਆਂ ਦੀ ਇਸ ਤਰ੍ਹਾਂ ਹੀ ਸਾਰ ਦਿੰਦੇ
ਆਪਣੇ ਬੂਹੇ 'ਤੇ ਆਇਆਂ ਨੂੰ ਸਦਾ ਦੁਰਕਾਰ ਦਿੰਦੇ

ਚੱਲ ਕਿਸੇ ਰੁਖ਼ ਆਪਣਾ ਕਰੀਏ ਬਚਾਅ ਇਹਨਾਂ ਦੇ ਕੋਲ਼ੋਂ
ਸ਼ੱਕ ਸ਼ਿਕਵੇ ਤੇ ਭੁਲੇਖੇ ਰਿਸ਼ਤਿਆਂ ਨੂੰ ਮਾਰ ਦਿੰਦੇ

ਇਸ ਦਿਆਂ ਫੁੱਲਾਂ 'ਚੋਂ ਭਾਵੇਂ ਮਹਿਕ ਮਨਫ਼ੀ ਹੋ ਗਈ ਹੈ
ਪਰ ਅਜੇ ਵੀ ਪੀੜ ਕਾਫ਼ੀ ਇਸ ਚਮਨ ਦੇ ਖ਼ਾਰ ਦਿੰਦੇ

ਲੱਖ ਵਾਰੀ ਲੈ ਲਵੇ ਉਹ ਏਸ ਦਲਦਲ ਤੋਂ ਅਜ਼ਾਦੀ
ਲੋਕ ਬੇਵੱਸ ਵੇਸਵਾ ਨੂੰ ਫਿਰ ਨਹੀਂ ਸਤਿਕਾਰ ਦਿੰਦੇ

ਧਰਤ ਉੱਤੇ ਰੌਸ਼ਨੀ ਦੀ ਲੋੜ ਬਾਰੇ ਸੋਚਦੇ ਨਹੀਂ
ਲੋਕ ਬਲ਼ਦੇ ਦੀਵਿਆਂ ਨੂੰ ਪਾਣੀਆਂ ਵਿਚ ਤਾਰ ਦਿੰਦੇ

ਇਹ ਹਾਕਮ ਦੇਸ਼ ਅੰਦਰ ਕਿਸ ਤਰ੍ਹਾਂ ਦੀ ਪਿਰਤ ਪਾਉਂਦੇ ਨੇ
ਜੋ ਖੋਂਹਦੇ ਟੁੱਕ ਭੁੱਖਿਆਂ ਤੋਂ, ਤੇ ਰੱਜਿਆਂ ਨੂੰ ਰਜਾਉਂਦੇ ਨੇ

ਸਮੁੰਦਰ ਤਲ 'ਤੇ ਪਈਆਂ ਸਿੱਪੀਆਂ ਦੀ ਕਦਰ ਨਾ ਪੈਂਦੀ
ਤੇ ਜ਼ਾਹਿਲ ਲੋਕ ਕੰਢੇ ਤੋਂ ਹੀ ਘੋਗੇ ਚੁੱਕ ਲਿਆਉਂਦੇ ਨੇ

ਕਿਸੇ ਦੀ ਕੰਧ ਦਾ ਲੇਅ ਜਦ ਡਿੱਗੇ ਹੋਰਾਂ ਦੇ ਵਿਹੜੇ ਤਾਂ
ਗਮੀਂ ਦੀ ਥਾਂ ਤੇ ਲੋਕੀਂ ਕਿਉਂ ਭਲਾ ਖ਼ੁਸ਼ੀਆਂ ਮਨਾਉਂਦੇ ਨੇ

ਕਲਾਵੇ ਭਰ ਬਹਾਰਾਂ ਨੂੰ ਵੀ ਉਹ ਹੁਣ ਸੌਂ ਨਹੀਂ ਸਕਦਾ
ਕਿ ਜੰਗਲ਼ ਜਾਣਦੈ ਭਾਂਬੜ ਤੁਰੇ ਉਸ ਵੱਲ ਆਉਂਦੇ ਨੇ

ਇਹ ਬਾਡਰ ਹੀ ਵਿਚਾਲੇ ਹੈ ਕਿ ਸਾਨੂੰ ਲੋਕ ਨਾ ਦਿਸਦੇ
ਜੋ ਸਾਡੇ ਵਾਂਗ ਹੱਸਦੇ ਖੇਡਦੇ ਦਿਨ ਸੁਦ ਮਨਾਉਂਦੇ ਨੇ

ਜਦੋਂ ਵੀ ਟੁੱਟਦੈ ਖ਼ੁਦ ਨੂੰ ਦੁਬਾਰਾ ਜੋੜ ਲੈਂਦਾ ਹੈ
ਉਹ ਕਿਰਦੇ ਹੰਝੂਆਂ ਨੂੰ ਫਿਰ ਪਿਛਾਹਾਂ ਮੋੜ ਲੈਂਦਾ ਹੈ

ਮੇਰੀ ਭਟਕਣ ਕਰੇ ਕਾਬੂ ਤਾਂ ਮੈਂ ਜਾਣਾਂ ਉਦ੍ਹਾ ਜਾਦੂ
ਜੋ ਅਕਸਰ ਮੇਰਿਆਂ ਸ਼ਬਦਾਂ ਨੂੰ ਅੱਗੋਂ ਹੋੜ ਲੈਂਦਾ ਹੈ

ਨਿਕਲ ਕੇ ਅੱਗ ਦੀ ਜੂਨੋਂ ਪਿਆ ਹੈ ਜੂਨ ਫੁੱਲਾਂ ਦੀ
ਮਗਰ ਹੁਣ ਵੀ ਹਮੇਸ਼ਾਂ ਸੇਕ ਕੁਝ ਕੁਝ ਲੋੜ ਲੈਂਦਾ ਹੈ

ਬੜਾ ਤਕਲੀਫ਼ਦੇਹ ਹੈ ਓਸ ਦਾ ਖ਼ਾਬਾਂ 'ਚੋਂ ਮੁੜ ਜਾਣਾ
ਪਤਾ ਨਹੀਂ ਉਹ ਪਲਾਂ ਵਿਚ ਰਾਬਤੇ ਕਿਉਂ ਤੋੜ ਲੈਂਦਾ ਹੈ

ਕਦੇ ਉਹ ਫੈਲ ਜਾਂਦਾ ਹੈ ਸਗਲ ਕਾਇਨਾਤ ਦੇ ਉੱਤੇ
ਕਦੇ ਖ਼ੁਦ ਨੂੰ ਕਿਸੇ ਬਿੰਦੂ 'ਚ ਹੀ ਸੰਗੋੜ ਲੈਂਦਾ ਹੈ

ਜਿਵੇਂ ਖ਼ੁਦ ਫਸਣ ਖ਼ਾਤਰ ਹੀ ਸੁਨਹਿਰੀ ਜਾਲ਼ ਬੁਣਿਆ ਹੈ
ਵਤਨ ਦੇ ਵਾਸੀਆਂ ਨੇ ਜ਼ਾਲਮਾਂ ਨੂੰ ਆਪ ਚੁਣਿਆ ਹੈ

ਅਸੀਂ ਦਿੱਲੀ 'ਚ ਤਾਂ ਕੁਰਬਾਨੀਆਂ ਦਿੱਤੀਆਂ ਸੀ ਪਹਿਲਾਂ ਵੀ
ਇਹ ਸਿੰਘੂ ਟਿੱਕਰੀ ਬਾਡਰ ਹੀ ਪਹਿਲੀ ਵਾਰ ਸੁਣਿਆ ਹੈ

ਤੇਰੇ ਚਿਹਰੇ 'ਤੇ ਮੁਰਦਾਬਾਦ ਹੀ ਛਪਿਆ ਰਹੇ ਦਿੱਲੀਏ
ਕਿਸਾਨਾਂ ਨੇ ਤਾਂ ਅਪਣੇ ਦਿਲ 'ਤੇ ਜ਼ਿੰਦਾਬਾਦ ਖੁਣਿਆ ਹੈ

ਦਲੇਰੀ ਵੀਰਤਾ ਸੂਰਮਗਤੀ ਸਾਹਸ ਹੀ ਨਿੱਕਲੇ ਨੇ
ਉਨ੍ਹਾਂ ਨੇ ਫੇਰ ਜਦ ਪੰਜਾਬੀਆਂ ਦਾ ਖ਼ੂਨ ਪੁਣਿਆ ਹੈ

ਅਸੀਂ ਉਸ ਦੇ ਸਹਾਰੇ ਪੋਹ ਮਹੀਨਾ ਕੱਟਣਾ ਦੇਖੀਂ
ਜੋ ਮਫ਼ਲਰ ਅਪਣੀਆਂ ਹੀ ਆਂਦਰਾਂ ਦਾ ਆਪ ਉਣਿਆ ਹੈ

ਬੜਾ ਕੁਝ ਹੈ ਮਨਾਂ ਅੰਦਰ, ਸਮਾਂ ਆਇਆ ਤਾਂ ਦੱਸਾਂਗੇ
ਕਿਨ੍ਹਾਂ ਖੋਭੇ ਸੀ ਕਦ ਖ਼ੰਜਰ, ਸਮਾਂ ਆਇਆ ਤਾਂ ਦੱਸਾਂਗੇ

ਮੁਕਾ ਕੇ ਇੱਕ ਤਮਾਸ਼ਾ ਝੂਠ ਦਾ ਦੂਜਾ ਸ਼ੁਰੂ ਕਰਦੈ
ਰਚਾਉਂਦੈ ਕੌਣ ਆਡੰਬਰ, ਸਮਾਂ ਆਇਆ ਤਾਂ ਦੱਸਾਂਗੇ

ਟਿਕੀ ਰਾਤੇ ਸੀ ਧਰਤੀ ਨੇ ਭਰੀ ਕਿਉਂ ਹੂਕ ਇੱਕ ਲੰਮੀ
ਤੇ ਕੁਰਲਾਇਆ ਸੀ ਕਿਉਂ ਅੰਬਰ, ਸਮਾਂ ਆਇਆ ਤਾਂ ਦੱਸਾਂਗੇ

ਬਿਨਾਂ ਪਾਣੀ ਅਸਾਡੇ ਸਾਹਮਣੇ ਬਿਰਹਣ ਦੇ ਹੰਝੂਆਂ ਨਾਲ
ਹਰੇ ਹੋਏ ਕਿਵੇਂ ਬੰਜਰ, ਸਮਾਂ ਆਇਆ ਤਾਂ ਦੱਸਾਂਗੇ

ਗਏ ਪਰਦੇਸੀਆਂ ਦੇ ਮੁੜ ਕੇ ਪਰਤਣ ਦੀ ਲਗਾ ਕੇ ਆਸ
ਸਦਾ ਕਿਉਂ ਵਿਲਕਦੇ ਨੇ ਦਰ, ਸਮਾਂ ਆਇਆ ਤਾਂ ਦੱਸਾਂਗੇ

ਅਸੀਂ ਦਿਲ ਵਿੱਚ ਬਣਾਇਆ ਜੋ ਸਜਾ ਕੇ ਮੂਰਤੀ ਤੇਰੀ
ਕਿਵੇਂ ਉਹ ਢਹਿ ਗਿਆ ਮੰਦਰ, ਸਮਾਂ ਆਇਆ ਤਾਂ ਦੱਸਾਂਗੇ

ਕਿਵੇਂ ਉੱਚੇ ਚੁਬਾਰੇ ਹੋ ਗਏ ਅੰਬਰ ਦੇ ਦਾਅਵੇਦਾਰ
ਕਿਵੇਂ ਘਰ ਹੋ ਗਏ ਖੰਡਰ, ਸਮਾਂ ਆਇਆ ਤਾਂ ਦੱਸਾਂਗੇ